# ਸਾਖਰਤਾ ਅਤੇ ਅੰਕ ਗਿਆਨ ਦੇ ਟਿਪਸ (ਸੁਝਾਅ)

## ਹਰ ਦਿਨ ਤੁਹਾਡੇ ਬੱਚੇ ਦੀ ਮਦਦ ਕਰਨ ਦੇ ਲਈ

0-12 ਸਾਲ ਦੀ ਉਮਰ ਵਾਲੇ ਬੱਚਿਆਂ ਦੇ ਮਾਂ-ਬਾਪ ਦੇ ਲਈ ਇੱਕ ਗਾਈਡ

ਡਿਪਾਰਟਮੈਂਟ ਔਫ ਐਜੁਕੇਸ਼ਨ ਅਤੇ ਟਰੇਨਿੰਗ ਵੱਲੋਂ ਪ੍ਰਕਾਸ਼ਿਤ

ਮੈਲਬੋਰਨ, ਮਈ 2018

ਵਿਕਟੋਰੀਆ ਸੂਬਾ (ਡਿਪਾਰਟਮੈਂਟ ਔਫ ਐਜੁਕੇਸ਼ਨ ਅਤੇ ਟ੍ਰੇਨਿੰਗ) 2016

ਇਸ ਦਸਤਾਵੇਜ਼ ਦੇ ਅੰਦਰ ਕਾਪੀਰਾਈਟ ਵਿਕਟੋਰੀਆ ਸੂਬੇ (ਡਿਪਾਰਟਮੈਂਟ ਔਫ ਐਜੂਕੇਸ਼ਨ ਅਤੇ ਟਰੇਨਿੰਗ) ਦੀ ਮਲਕੀਅਤ ਹੈ, ਜਾਂ ਇਨ੍ਹਾਂ ਵਿੱਚੋਂ ਕੁਝ ਹਿੱਸਿਆਂ ਦੀ ਮਲਕੀਅਤ ਕਿਸੇ ਤੀਸਰੀ ਪਾਰਟੀਆਂ ਦੀ ਹੈ (ਥਰਡ ਪਾਰਟੀ ਦੇ ਮਟੀਰੀਅਲ)। ਕਾਪੀਰਾਈਟ ਐਕਟ 1968 ਦੇ ਉਪਬੰਧਾਂ ਅਨੁਸਾਰ, ਨੈਸ਼ਨਲ ਐਜੂਕੇਸ਼ਨ ਐਕਸੈਸ ਲਾਇਸੈਂਸ ਫਾਰ ਸਕੂਲਜ਼ (NEALS) (ਥੱਲੇ ਵੇਖੋ) ਜਾਂ ਇਜਾਜ਼ਤ ਲੈ ਕੇ ਤਿਆਰ ਕੀਤੇ ਜਾਣ ਨੂੰ ਛੱਡ ਕੇ, ਇਸ ਦਾ ਕੋਈ ਵੀ ਹਿੱਸਾ, ਕਿਸੇ ਵੀ ਪ੍ਰਕਿਰਿਆ ਦੇ ਨਾਲ ਮੁੜ ਤਿਆਰ ਨਹੀਂ ਕੀਤਾ ਜਾ ਸਕਦਾ।

ਕੋਈ ਸਿੱਖਿਆ ਸੰਸਥਾ ਜੋ ਕਿ ਆਸਟਰੇਲੀਆ ਵਿੱਚ ਸਥਿਤ ਹੈ, ਜੋ ਕਿ ਮੁਨਾਫੇ ਦੇ ਲਈ ਕੰਮ ਨਹੀਂ ਕਰਦੀ, ਜਾਂ ਕੋਈ ਸੰਸਥਾ ਜੋ ਇਸ ਤਰੀਕੇ ਦੀ ਕਿਸੇ ਸੰਸਥਾ ਨੂੰ ਚਲਾਉਂਦੀ ਹੈ, ਉਹ ਥਰਡ ਪਾਰਟੀ ਦੇ ਮਟੀਰੀਅਲ ਨੂੰ ਛੱਡ ਕੇ, ਸੰਸਥਾ ਦੇ ਪੜ੍ਹਾਉਣ ਲਿਖਾਉਣ ਦੇ ਲਈ ਇਨ੍ਹਾਂ ਦਸਤਾਵੇਜ਼ਾਂ ਦੀ ਕਾਪੀ ਬਣਾ ਸਕਦੀਆਂ ਹਨ ਅਤੇ ਇਨ੍ਹਾਂ ਬਾਰੇ ਗੱਲ ਕਰ ਸਕਦੀਆਂ ਹਨ।

ਡਿਪਾਰਟਮੈਂਟ ਔਫ ਐਜੁਕੇਸ਼ਨ ਅਤੇ ਟ੍ਰੇਨਿੰਗ, 2 Treasury Place, East Melbourne, Victoria, 3002 ਵੱਲੋਂ ਪ੍ਰਵਾਨ ਕੀਤੀ ਗਈ।

# ਭੂਮਿਕਾ

## ਮੈਂ ਇਸ ਬੁਕਲੇਟ ਦਾ ਇਸਤੇਮਾਲ ਕਿਸ ਤਰੀਕੇ ਦੇ ਨਾਲ ਕਰਾਂ?

ਰਿਸਰਚ ਇਹ ਦਰਸਾਉਂਦੀ ਹੈ ਕਿ ਬੱਚਿਆਂ ਦੀ ਸਿੱਖਿਆ, ਵਿਕਾਸ, ਤੰਦਰੁਸਤੀ, ਸੁਰੱਖਿਆ ਅਤੇ ਭਲਾਈ ਦੇ ਉੱਤੇ ਸਭ ਤੋਂ ਮਹੱਤਵਪੂਰਨ ਪ੍ਰਭਾਵ, ਉਨ੍ਹਾਂ ਦੇ ਪਰਿਵਾਰ ਦਾ ਹੁੰਦਾ ਹੈ। ਤੁਹਾਡੇ ਬੱਚੇ ਨੂੰ ਸਕੂਲ ਦੇ ਲਈ

ਤਿਆਰ ਕਰਨ ਵਿੱਚ, ਅਤੇ ਫਿਰ ਜਦ ਉਹ ਸਕੂਲ ਪਹੁੰਚ ਜਾਣ, ਉਨ੍ਹਾਂ ਨੂੰ ਕਾਮਯਾਬ ਹੋਣ ਦੇ ਵਿੱਚ, ਤੁਹਾਡਾ ਪਰਿਵਾਰ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ।

ਇਹ ਬੁਕਲੇਟ ਅਸਾਨ ਸੁਝਾਅ ਅਤੇ ਤਰੀਕੇ ਪ੍ਰਦਾਨ ਕਰਦੀ ਹੈ ਜਿਨ੍ਹਾਂ ਦੇ ਨਾਲ ਤੁਸੀਂ ਆਪਣੇ ਬੱਚੇ ਦੇ ਸਾਖਰਤਾ ਅਤੇ ਅੰਕ ਗਿਆਨ ਦਾ ਵਿਕਾਸ ਕਰਨ ਵਿੱਚ ਮਦਦ ਕਰ ਸਕਦੇ ਹੋ। ਇਹ ਮੌਜਮਸਤੀ, ਸਸਤੀ, ਪਹੁੰਚਯੋਗ (accessible) ਅਤੇ ਵਿਹਾਰ ਵਿੱਚ ਲਿਆ ਜਾ ਸਕਣ ਵਾਲੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ ਜੋ ਕਿ ਤੁਸੀਂ ਆਪਣੇ ਬੱਚੇ ਦੇ ਨਾਲ ਘਰ ਵਿੱਚ ਕਰ ਸਕਦੇ ਹੋ। ਬੁਕਲੇਟ ਸਵਾਲ ਵੀ ਪ੍ਰਦਾਨ ਕਰਦੀ ਹੈ ਜੋ ਕਿ ਤੁਸੀਂ ਆਪਣੇ ਬੱਚੇ ਨੂੰ ਪੁੱਛ ਸਕਦੇ ਹੋ ਜਿਸ ਦੇ ਨਾਲ ਉਨ੍ਹਾਂ ਨੂੰ ਸਿੱਖਣ ਵਿੱਚ ਮਦਦ ਮਿਲ ਸਕਦੀ ਹੈ। ਇਹ ਵਿਹਾਰ ਵਿੱਚ ਲਿਆਂਦੇ ਜਾ ਸਕਣ ਵਾਲੀਆਂ ਗਤੀਵਿਧੀਆਂ ਕਰਨਾ ਤੁਹਾਡੇ ਬੱਚੇ ਦੇ ਪੜ੍ਹਨ ਅਤੇ ਲਿਖਣ ਦੇ ਹੁਨਰ ਦਾ ਸ਼ਾਨਦਾਰ ਵਿਕਾਸ ਕਰਨ ਵਿੱਚ ਮਦਦ ਕਰੇਗਾ ਅਤੇ ਵਧੀਆ ਤਰੀਕੇ ਦੇ ਨਾਲ ਬੋਲਣ ਵਿੱਚ ਅਤੇ ਇਕ ਵਧੀਆ ਸੁਣਨ ਵਾਲਾ ਬਣਨ ਵਿੱਚ ਵੀ ਮਦਦ ਕਰੇਗਾ।

ਘਰ ਵਿੱਚ ਕੀਤੀਆਂ ਜਾ ਸਕਣ ਵਾਲੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਦੇ ਨਾਲ ਵੀ ਤੁਸੀਂ ਉਨ੍ਹਾਂ ਦੇ ਅੰਕ ਗਿਆਨ ਦੇ ਹੁਨਰ ਦੇ ਵਿਕਾਸ ਵਿੱਚ ਉਨ੍ਹਾਂ ਦੀ ਮਦਦ ਕਰ ਸਕਦੇ ਹੋ, ਜਿਵੇਂ ਕਿ ਹਿਸਾਬ ਲਗਾਉਣਾ ਅਤੇ ਨੰਬਰਾਂ ਦਾ ਇਸਤੇਮਾਲ ਕਰਨਾ, ਪੈਟਰਨ ਦੀ ਪਛਾਣ ਕਰਨਾ ਅਤੇ ਗਣਿਤ ਦੀ ਸਮਝ ਦੇ ਵਿਕਾਸ ਦੇ ਲਈ ਭਾਸ਼ਾ ਦਾ ਇਸਤੇਮਾਲ ਕਰਨਾ।

ਇਹ ਸਾਖਰਤਾ ਅਤੇ ਅੰਕ ਗਿਆਨ ਦੀਆਂ ਗਤੀਵਿਧੀਆਂ ਤੁਹਾਡੇ ਲਈ ਮਹੱਤਵਪੂਰਨ ਸਿੱਖਣ ਦੇ ਮੁੱਲ ਜਿਵੇਂ ਕਿ ਉਤਸ਼ਾਹ, ਲਗਨ ਅਤੇ ਉਤਸੁਕਤਾ ਦਾ ਮਾਡਲ ਤਿਆਰ ਕਰਨ ਦੇ ਸ਼ਾਨਦਾਰ ਮੌਕੇ ਹਨ।

ਬੱਚੇ ਦੇ ਸਾਖਰਤਾ ਅਤੇ ਅੰਕ ਗਿਆਨ ਦੇ ਹੁਨਰ ਦੇ ਵਿਕਾਸ ਦੇ ਲਈ ਇਨ੍ਹਾਂ ਸੁਝਾਵਾਂ ਅਤੇ ਗਤੀਵਿਧੀਆਂ ਨੂੰ ਬੱਚੇ ਦੇ ਵੱਡੇ ਭੈਣ-ਭਰਾ, ਦਾਦਾ ਦਾਦੀ, ਨਾਨਾ ਨਾਨੀ, ਜਾਂ ਬੱਚੇ ਦੇ ਜੀਵਨ ਦੇ ਹੋਰ ਸਬੰਧਿਤ (relevant) ਵਿਅਕਤੀ ਵੀ ਇਸਤੇਮਾਲ ਵਿੱਚ ਲਿਆ ਸਕਦੇ ਹਨ।

ਇਹ ਬੁਕਲੇਟ ਉਮਰ ਦੇ ਹਿਸਾਬ ਨਾਲ ਗਤੀਵਿਧੀਆਂ ਦੇ ਦੋ ਸਮੂਹਾਂ ਵਿੱਚ ਵੰਡੀ ਗਈ ਹੈ: ਜਨਮ ਤੋਂ 2 ਸਾਲ ਅਤੇ 3 ਸਾਲ ਤੋਂ 6 ਸਾਲ ਤੱਕ। ਤੁਹਾਡੇ ਬੱਚੇ ਦੀ ਉਮਰ ਦੇ ਮੁਤਾਬਿਕ ਦੱਸੇ ਗਏ ਹਿੱਸੇ ਤੇ ਜਾਉ ਅਤੇ ਦਿੱਤੇ ਗਏ ਅਸਾਨ ਸੁਝਾਅ ਅਤੇ ਇਸ਼ਾਰਿਆਂ (hints) ਨੂੰ ਦੇਖੋ। ਇਹ ਜ਼ਰੂਰੀ ਨਹੀਂ ਕਿ ਤੁਹਾਨੂੰ ਸਾਰੀਆਂ ਗਤੀਵਿਧੀਆਂ ਕਰਨ ਦੀ ਲੋੜ ਹੈ ਪਰ ਇਨ੍ਹਾਂ ਵਿੱਚੋਂ ਕੁਝ ਹਰ ਰੋਜ਼ ਕਰਨਾ ਤੁਹਾਡੇ ਬੱਚੇ ਦੀ ਸਿਖਲਾਈ ਵਿੱਚ ਸੁਧਾਰ ਲਿਆਵੇਗਾ।

ਇਹ ਬੁਕਲੇਟ ਵਿਕਟੋਰੀਅਨ ਸ਼ੁਰੂਆਤੀ ਸਾਲਾਂ ਦੀ ਸਿਖਲਾਈ ਅਤੇ ਵਿਕਾਸ ਢਾਂਚਾ (Victorian Early Years Learning and Development Framework) (ਜਨਮ ਤੋਂ 8 ਸਾਲ ਦੀ ਉਮਰ ਤੱਕ) ਅਤੇ ਵਿਕਟੋਰੀਅਨ ਪਾਠਕ੍ਰਮ (ਫਾਊਂਡੇਸ਼ਨ ਸਤਰ ਤੋਂ 10 ਸਾਲ ਤੱਕ), ਦੋਹਾਂ ਦੇ ਨਾਲ ਮੇਲ ਖਾਂਦੀ ਹੈ ਅਤੇ ਦੋਵੇਂ ਹੀ ਇਹ ਰੂਪ ਰੇਖਾ ਦਰਸ਼ਾਉਂਦੇ ਹਨ ਕਿ ਸਾਰਿਆਂ ਬੱਚਿਆਂ ਦੇ ਲਈ ਕੀ ਸਿੱਖਣਾ ਜ਼ਰੂਰੀ ਹੈ। ਇਸ ਬੁਕਲੇਟ ਵਿੱਚ ਦਿੱਤੀਆਂ ਗਈਆਂ ਗਤੀਵਿਧੀਆਂ ਇਨ੍ਹਾਂ ਮਿਆਰਾਂ (standards) ਨੂੰ ਵਿਅਕਤ ਕਰਦੀਆਂ ਹਨ ਅਤੇ ਤੁਹਾਡੇ ਬੱਚੇ ਦੀ ਸ਼ੁਰੂਆਤੀ ਬਚਪਨ ਸੇਵਾ (early childhood service) ਅਤੇ ਸਕੂਲ ਵਿੱਚ ਹਰ ਰੋਜ਼ ਪੜ੍ਹਾਈਆਂ ਜਾਣ ਵਾਲੀਆਂ ਚੀਜ਼ਾਂ ਵਿੱਚ ਵੀ ਮਦਦ ਕਰਦੀ ਹੈ।

ਵਿਕਟੋਰੀਅਨ ਸ਼ੁਰੂਆਤੀ ਸਾਲਾਂ ਦੀ ਸਿਖਲਾਈ ਅਤੇ ਵਿਕਾਸ ਢਾਂਚਾ (Victorian Early Years Learning and Development Framework) ਬਾਰੇ ਜਾਣਕਾਰੀ ਦੇ ਲਈ ਵੇਖੋ:

[VEYLD Framework]

ਵਿਕਟੋਰੀਅਨ ਪਾਠਕ੍ਰਮ ਬਾਰੇ ਜਾਣਕਾਰੀ ਦੇ ਲਈ ਵੇਖੋ:

[The Victorian Curriculum Website]

ਜੇ ਅੰਗ੍ਰੇਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀਂ ਹੈ, ਤਾਂ ਤੁਸੀਂ ਹਰ ਵਾਰੀ ਆਪਣੇ ਬੱਚੇ ਨੂ ਇਨ੍ਹਾਂ ਗਤੀਵਿਧੀਆਂ ਵਿੱਚ ਅੰਗ੍ਰੇਜ਼ੀ ਦੀ ਥਾਂ ਤੇ ਆਪਣੀ ਪਹਿਲੀ ਭਾਸ਼ਾ ਦਾ ਇਸਤੇਮਾਲ ਕਰਦੇ ਹੋਏ ਸ਼ਾਮਲ ਕਰ ਸਕਦੇ ਹੋ। ਰਿਸਰਚ ਇਹ ਦਰਸ਼ਾਉਂਦੀ ਹੈ ਕਿ ਛੋਟੀ ਉਮਰ ਤੋਂ ਦੋ ਜਾਂ ਦੋ ਤੋਂ ਵੱਧ ਭਾਸ਼ਾਵਾਂ ਸਿੱਖਣਾ, ਬੱਚਿਆਂ ਨੂੰ ਕਈ ਤਰੀਕਿਆਂ ਦੇ ਨਾਲ ਫਾਇਦਾ ਪਹੁੰਚਾ ਸਕਦਾ ਹੈ ਅਤੇ ਸਕੂਲ ਵਿੱਚ ਹਰ ਵਿਸ਼ੇ ਦੇ ਖੇਤਰ ਅੰਦਰ ਸਫਲਤਾ ਪ੍ਰਾਪਤ ਕਰਨ ਵਿੱਚ ਉਨ੍ਹਾਂ ਦੀ ਮਦਦ ਕਰ ਸਕਦਾ ਹੈ।

# ਮੈਂ ਮਦਦ ਕਿੱਥੋਂ ਲੈ ਸਕਦਾ/ਸਕਦੀ ਹਾਂ?

### ਤੁਹਾਡੇ ਬੱਚੇ ਦੀ ਮੈਟਰਨਲ ਅਤੇ ਚਾਈਲਡ ਹੈਲਥ ਨਰਸ

ਤੁਹਾਡੇ ਬੱਚੇ ਦੀ ਮੈਟਰਨਲ ਅਤੇ ਚਾਈਲਡ ਹੈਲਥ ਨਰਸ ਤੁਹਾਡੇ ਬੱਚੇ ਦੀ ਸਿਹਤ ਅਤੇ ਵਿਕਾਸ ਦੇ ਬਾਰੇ ਸਲਾਹ ਪ੍ਰਦਾਨ ਕਰ ਸਕਦੀ ਹੈ ਅਤੇ ਉਨ੍ਹਾਂ ਤਰੀਕਿਆਂ ਬਾਰੇ ਆਮ ਸਲਾਹ ਵੀ ਦੇ ਸਕਦੀ ਹੈ ਕਿ ਕਿਸ ਤਰੀਕੇ ਦੇ ਨਾਲ ਤੁਹਾਡੇ ਬੱਚੇ ਦੀ ਸਿੱਖਿਆ ਨੂੰ ਪ੍ਰੇਰਿਤ ਕੀਤਾ ਜਾ ਸਕਦਾ ਹੈ।

## ਤੁਹਾਡੇ ਬੱਚੇ ਦਾ ਸ਼ੁਰੂਆਤੀ ਸਾਲਾਂ ਦਾ ਸਿੱਖਿਅਕ, ਬਾਲਵਾੜੀ (Kindergarten) ਦਾ ਅਧਿਆਪਕ ਅਤੇ ਸਕੂਲ ਦਾ ਅਧਿਆਪਕ

ਤੁਸੀਂ ਤੁਹਾਡੇ ਬੱਚੇ ਦੀ ਸਾਖਰਤਾ ਅਤੇ ਅੰਕ ਗਿਆਨ ਦੇ ਵਿਕਾਸ ਦੇ ਵਿੱਚ ਤੁਸੀਂ ਕਿਸ ਤਰੀਕੇ ਦੇ ਨਾਲ ਮਦਦ ਕਰ ਸਕਦੇ ਹੋ, ਇਸ ਦੇ ਬਾਰੇ ਤੁਹਾਡੇ ਬੱਚੇ ਦਾ ਸ਼ੁਰੂਆਤੀ ਸਾਲਾਂ ਦਾ ਸਿੱਖਿਅਕ (Educator), ਬਾਲਵਾੜੀ (Kindergarten) ਦਾ ਅਧਿਆਪਕ ਅਤੇ ਸਕੂਲ ਦਾ ਅਧਿਆਪਕ ਸਲਾਹ ਪ੍ਰਦਾਨ ਕਰ ਸਕਦੇ ਹਨ।

ਜਿਨ੍ਹਾਂ ਵਿਸ਼ਿਆਂ ਬਾਰੇ ਤੁਸੀਂ ਆਪਣੇ ਬੱਚੇ ਦੇ ਸ਼ੁਰੂਆਤੀ ਸਾਲਾਂ ਦਾ ਸਿੱਖਿਅਕ, ਬਾਲਵਾੜੀ ਦੇ ਅਧਿਆਪਕ ਜਾਂ ਅਧਿਆਪਕ ਦੇ ਨਾਲ ਗੱਲ ਕਰ ਸਕਦੇ ਹੋ, ਉਸ ਵਿੱਚ ਸ਼ਾਮਲ ਹਨ:

- ਸਾਖਰਤਾ ਅਤੇ ਗਣਿਤ ਵਿੱਚ ਤੁਹਾਡੇ ਬੱਚੇ ਦਾ ਅੱਗੇ ਵਧਣਾ
- ਸਾਖਰਤਾ ਅਤੇ ਗਣਿਤ ਦੇ ਟੀਚੇ (goals) ਜਿਨ੍ਹਾਂ ਵੱਲ ਤੁਹਾਡਾ ਬੱਚਾ ਅੱਗੇ ਵੱਧ ਰਿਹਾ ਹੈ, ਅਤੇ ਇਸ ਵਿੱਚ ਤੁਸੀਂ ਉਸ ਦੀ ਕਿਸ ਤਰੀਕੇ ਦੇ ਨਾਲ ਮਦਦ ਕਰ ਸਕਦੇ ਹੋ
- ਉਹ ਖੇਤਰ ਜਿਨ੍ਹਾਂ ਵਿੱਚ ਤੁਹਾਡਾ ਬੱਚਾ ਮੁਸ਼ਕਿਲ ਮਹਿਸੂਸ ਕਰਦਾ ਹੈ ਉਨ੍ਹਾਂ ਵਿੱਚ ਉਸ ਦੀ ਮਦਦ ਕਰਨ ਲਈ ਤੁਸੀਂ ਕਿਹੜੀਆਂ ਰਣਨੀਤੀਆਂ ਦਾ ਇਸਤੇਮਾਲ ਕਰ ਸਕਦੇ ਹੋ
- ਇਸ ਬੁਕਲੇਟ ਵਿੱਚ ਦਿੱਤੇ ਗਏ ਸੁਝਾਵਾਂ ਦੀ ਤੁਹਾਡੇ ਬੱਚੇ ਨੇ ਕੀ ਪ੍ਰਤੀਕਿਰਿਆ (responded to) ਵਿਖਾਈ

## ਆਨਲਾਈਨ ਸਰੋਤ

ਵਿਕਟਰੀਅਨ ਪ੍ਰੀਮੀਅਰ ਦਾ ਰੀਡੀਂਗ ਚੈਲੇਂਜ (ਚੁਨੌਤੀ) ਹਰ ਸਾਲ ਮਾਰਚ ਤੋਂ ਸਤੰਬਰ ਤੱਕ ਚਲਦਾ ਹੈ। ਇਸ ਅੰਦਰ ਭਾਗ ਲੈ ਰਹੀਆਂ ਸ਼ੁਰੂਆਤੀ ਬਚਪਨ ਸੇਵਾਵਾਂ (early childhood services) ਅਤੇ ਸਕੂਲ ਤੁਹਾਡੇ ਬੱਚੇ ਨੂੰ ਇਸ ਵਿੱਚ ਰਜਿਸਟਰ ਕਰਨਗੀਆਂ – ਨਹੀਂ ਤੇ ਤੁਸੀਂ ਆਪਣੇ ਬੱਚੇ ਨੂੰ ਇਨ੍ਹਾਂ ਥਾਵਾਂ ਤੇ ਰਜਿਸਟਰ ਕਰ ਸਕਦੇ ਹੋ:

ਵਿਕਟੋਰੀਅਨ ਪ੍ਰੀਮੀਅਰ ਦਾ ਰੀਡਿੰਗ ਚੈਲੇਂਜ (Victorian Premiers' Reading Challenge)

ਵਿਕਟੋਰੀਅਨ ਗਣਿਤ ਚੈਲੇਂਜ (Victorian Maths Challenge), ਪਰਿਵਾਰਾਂ ਦੇ ਲਈ ਅਸਲ ਜੀਵਨ

ਨੂੰ ਗਣਿਤ ਦੇ ਵਿੱਚ ਰੁਝਾਉਣ ਦਾ, ਅਤੇ ਰਲ ਮਿਲ ਕੇ ਸਮੱਸਿਆਵਾਂ ਦਾ ਹੱਲ ਕੱਢਣ ਦਾ, ਇੱਕ ਮਸਤੀ ਭਰਿਆ ਅਤੇ ਰੁਝਾਉਪੂਰਕ ਤਰੀਕਾ ਹੈ।

ਵਿਕਟੋਰੀਅਨ ਗਣਿਤ ਚੈਲੇਂਜ (Victorian Maths Challenge)

ਵਿਕਟੋਰੀਆ ਸਰਕਾਰ ਦੀ ਸਿੱਖਿਆ ਲੱਭੋ, ਇਸਤੇਮਾਲ ਕਰੋ, ਸਾਂਝੀ ਕਰੋ (Find Use Share Education (FUSE)) ਵੈੱਬਸਾਈਟ, ਤੁਹਾਡੇ ਘਰ ਜਾਂ ਸਥਾਨਕ ਲਾਇਬਰ੍ਰੇਰੀ ਦੇ ਕੰਪਿਊਟਰ ਰਾਹੀਂ ਸਿੱਖਣ ਦੇ ਮਹਾਨ ਸਾਧਨਾਂ ਦੇ ਨਾਲ ਜੁੜਨਾ ਬਹੁਤ ਅਸਾਨ ਬਣਾ ਦਿੰਦੀ ਹੈ। ਇਸ ਵਿੱਚ ਖੇਡਾਂ ਸ਼ਾਮਲ ਹਨ ਜੋ ਕਿ ਤੁਸੀਂ ਆਪਣੇ ਬੱਚੇ ਦੇ ਨਾਲ, ਉਨ੍ਹਾਂ ਦੀ ਸਾਖਰਤਾ ਅਤੇ ਅੰਕ ਗਿਆਨ ਦੇ ਹੁਨਰ ਲਿਆਉਣ ਦੇ ਲਈ ਖੇਡ ਸਕਦੇ ਹੋ:

ਵਿਕਟੋਰੀਆ ਸਰਕਾਰ ਦੀ ਸਿੱਖਿਆ ਲੱਭੋ, ਇਸਤੇਮਾਲ ਕਰੋ, ਸਾਂਝੀ ਕਰੋ (FUSE) ਵੈੱਬਸਾਈਟ:

(The Victorian Government's Find Use Share Education (FUSE) website)

ਸਿੱਖਿਆ ਅਤੇ ਟ੍ਰੇਨਿੰਗ ਵਿਭਾਗ ਦੇ ਕੋਲ ਛੋਟੇ ਬੱਚਿਆਂ ਦੇ ਮਾਪਿਆਂ ਦੇ ਲਈ ਆਮ ਜਾਣਕਾਰੀ ਅਤੇ ਸਰੋਤ ਹਨ:

ਵਿਭਾਗ ਦਾ ਵੈੱਬਸਾਈਟ ਸਰੋਤ ਛੋਟੇ ਬੱਚਿਆਂ ਦੇ ਮਾਪਿਆਂ ਲਈ:

(The Department's website resource for parents with young children)

ਇਸ ਵਿਭਾਗ ਦੀ ਵੈੱਬਸਾਈਟ ਤੇ ਸਕੂਲ ਜਾਣ ਵਾਲੇ ਬੱਚਿਆਂ ਦੇ ਮਾਪਿਆਂ ਦੇ ਲਈ ਵੀ ਆਮ ਜਾਣਕਾਰੀ ਅਤੇ ਸਰੋਤ ਹਨ:

ਵਿਭਾਗ ਦਾ ਵੈੱਬਸਾਈਟ ਸਰੋਤ ਸਕੂਲ ਜਾਣ ਵਾਲੇ ਬੱਚਿਆਂ ਦੇ ਮਾਪਿਆਂ ਦੇ ਲਈ:

(The Department's website resource for parents with children at school)



# ਜਨਮ ਤੋਂ ਲੈ ਕੇ ਸਕੂਲ ਦੇ ਸਾਲ 2 ਤੱਕ: ਸਾਖਰਤਾ

ਜਨਮ ਤੋਂ ਹੀ ਇੱਕ ਬੱਚੇ ਦੇ ਭਾਸ਼ਾ ਅਤੇ ਸਾਖਰਤਾ ਦੇ ਵਿਕਾਸ ਵਿੱਚ ਪਰਿਵਾਰ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਇੱਕ ਬੱਚੇ ਦੀ ਇਸ ਦੁਨਿਆ ਦੀ ਸਮਝ ਅਤੇ ਸਿੱਖਣ ਦੀ ਸਮਰੱਥਾ ਇਸ ਚੀਜ਼ ਦੇ ਨਾਲ ਬਹੁਤ ਪ੍ਰਭਾਵਿਤ ਹੁੰਦੀ ਹੈ ਕਿ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਦੀ ਸਾਖਰਤਾ ਦੇ ਹੁਨਰ ਨੂੰ ਕਿੰਨੀ ਮਹੱਤਵਤਾ ਦਿੰਦਾ ਹੈ।

ਉਹ ਬੱਚੇ ਜੋ ਸਕੂਲ ਦੀ ਸ਼ੁਰੂਆਤ ਵਧੇਰੇ ਸਾਖਰਤਾ ਦੇ ਹੁਨਰ ਦੇ ਨਾਲ ਕਰਦੇ ਹਨ ਉਹ ਸਕੂਲ ਵਿੱਚ ਬਿਹਤਰ ਪ੍ਰਦਰਸ਼ਨ ਕਰਦੇ ਹਨ, ਅਤੇ ਇਹ ਚੀਜ਼ ਸਿਰਫ ਭਾਸ਼ਾ ਆਧਾਰਿਤ ਵਿਸ਼ੇ ਜਿਵੇਂ ਕਿ ਅੰਗ੍ਰੇਜ਼ੀ ਤੱਕ ਹੀ ਸੀਮਤ ਨਹੀਂ ਹੈ।

ਇਹ ਜ਼ਰੂਰੀ ਹੈ ਕਿ ਸ਼ੁਰੂਆਤੀ ਸਾਲਾਂ ਵਿੱਚ ਸਾਖਰਤਾ ਨੂੰ ਵੱਖ ਵੱਖ ਕਿਸਮ ਦੀਆਂ ਗਤੀਵਿਧੀਆਂ ਅਤੇ ਸੰਚਾਰ ਦੀਆਂ ਕਿਸਮਾਂ ਦੇ ਰੂਪ ਵਿੱਚ ਵੇਖਿਆ ਜਾਵੇ, ਜਿਸ ਵਿੱਚ ਸੰਗੀਤ, ਚੱਲਣਾ-ਫਿਰਨਾ, ਨੱਚਣਾ, ਕਹਾਣੀ ਸੁਨਾਉਣਾ, ਦ੍ਰਿਸ਼-ਕਲਾ (visual arts) ਅਤੇ ਡ੍ਰਾਮਾ ਅਤੇ ਨਾਲ ਹੀ ਬੋਲਣਾ, ਵੇਖਣਾ, ਪੜ੍ਹਨਾ, ਚਿੱਤਰਕਾਰੀ ਅਤੇ ਲਿਖਾਈ ਸ਼ਾਮਲ ਹਨ।

ਤੁਸੀਂ ਕਿੰਨਾਂ ਵੀ ਜਲਦੀ ਆਪਣੇ ਬੱਚੇ ਨੂੰ ਚੀਜ਼ਾਂ ਪੜ੍ਹ ਕੇ ਸੁਣਾਉ, ਉਸ ਨੂੰ ਜਲਦੀ ਨਹੀਂ ਕਿਹਾ ਜਾ ਸਕਦਾ। ਪੜ੍ਹ ਕੇ ਸੁਨਾਉਣਾ ਜਨਮ ਦੇ ਕੁਝ ਮਹੀਨਿਆਂ ਬਾਅਦ ਹੀ ਸ਼ੁਰੂ ਹੋ ਜਾਣਾ ਚਾਹੀਦਾ ਹੈ। ਭਾਵੇਂ ਇਕ ਬਾਲਗ ਦੇ ਤੌਰ ਤੇ ਤੁਸੀਂ ਅਕਸਰ ਨਹੀਂ ਪੜ੍ਹਦੇ ਜਾਂ ਖਾਸ ਤੌਰ ਤੇ ਪੜ੍ਹਨ ਦਾ ਸ਼ੌਂਕ ਨਹੀਂ ਹੈ, ਇਹ ਜ਼ਰੂਰੀ ਹੈ ਕਿ ਤੁਸੀਂ ਇਹ ਕੀਮਤੀ ਵਕਤ ਆਪਣੇ ਬੱਚੇ ਦੇ ਨਾਲ ਗੁਜ਼ਾਰੋ ਤਾਂ ਕਿ ਉਸਦੇ ਭਾਸ਼ਾ ਦੇ ਵਿਕਾਸ ਨੂੰ ਪ੍ਰੋਤਸਾਹਨ ਮਿਲ ਸਕੇ, ਅਤੇ ਉਸ ਦੇ ਅੰਦਰ ਪੜ੍ਹਨ ਦੇ ਲਈ ਪਿਆਰ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

ਆਪਣੇ ਬੱਚੇ ਦੇ ਨਾਲ ਜ਼ਿਆਦਾ ਤੋਂ ਜ਼ਿਆਦਾ ਗੱਲਾਂ ਕਰੋ ਅਤੇ ਉਸ ਨੂੰ ਅਕਸਰ ਵਾਰਤਾਲਾਪ ਦੇ ਵਿੱਚ ਸ਼ਾਮਿਲ ਕਰੋ। ਹੋ ਸਕਦਾ ਹੈ ਬੱਚੇ ਦੇ ਲਈ ਸਿਰਫ ਤੁਸੀਂ ਹੀ ਭਾਸ਼ਾ ਦਾ ਜ਼ਰੀਆ ਹੋਵੋ, ਇਸ ਲਈ ਜਿੰਨਾ ਤੁਸੀਂ ਉਨ੍ਹਾਂ ਦੇ ਨਾਲ ਗੱਲ ਕਰੋਗੇ ਅਤੇ ਉਨ੍ਹਾਂ ਨਾਲ ਰੁੱਝੋਗੇ, ਉੱਨਾ ਹੀ ਤੇਜ਼ ਉਹ ਨਵੇਂ ਸ਼ਬਦ ਸਿੱਖਣਗੇ ਅਤੇ ਬੇਅਟਕ ਗੱਲ ਕਰ ਸਕਣਗੇ। ਭਾਸ਼ਾ ਬੋਲਣ ਦੇ ਹੁਨਰ, ਪੜ੍ਹਨ ਅਤੇ ਲਿਖਣ ਦੇ ਹੁਨਰ ਦਾ ਇੱਕ ਮਹੱਤਵਪੂਰਨ ਪੂਰਵ ਸੂਚਕ ਹੁੰਦੇ ਹਨ, ਇਸ ਲਈ ਤੁਹਾਡਾ ਬੱਚਾ ਜਿੰਨਾ ਵਧੀਆ ਬੋਲ ਸਕਦਾ ਹੈ, ਉੱਨਾ ਹੀ ਉਨ੍ਹਾਂ ਦੇ ਕੁਲ ਮਿਲਾ ਕੇ ਸਾਖਰਤਾ ਦੇ ਹੁਨਰ ਵਿਕਸਿਤ ਹੋਣਗੇ।

ਅਤੇ ਯਾਦ ਰਹੇ, ਤੁਹਾਡੇ ਬੱਚੇ ਦੀ ਸ਼ੁਰੂਆਤੀ ਸਾਲਾਂ ਦੀ ਸਾਖਰਤਾ, ਹਮੇਸ਼ਾ ਹੀ ਮਸਤੀ ਭਰੀ ਹੋ ਸਕਦੀ ਹੈ। ਸੈਰ-ਸਪਾਟਾ ਅਤੇ ਖੇਡਣਾ-ਕੁੱਦਣਾ ਬਹੁਤ ਹੀ ਵਧੀਆ ਗਤੀਵਿਧੀਆਂ ਹਨ ਜਿਨ੍ਹਾਂ ਦੌਰਾਨ ਤੁਹਾਡੇ ਬੱਚੇ ਦੇ ਨਾਲ ਰੁੱਝਣਾ ਅਤੇ ਗੱਲ-ਬਾਤ ਕਰਨੀ ਚਾਹੀਦੀ ਹੈ। ਮਸਤੀ ਦੀਆਂ ਗਤੀਵਿਧੀਆਂ, ਤੁਹਾਡੇ ਬੱਚੇ ਨੂੰ ਨਵੇਂ ਸ਼ਬਦ ਸਿਖਾਉਣ ਦੇ ਲਈ ਅਤੇ ਚੀਜ਼ਾਂ ਨੂੰ ਕਹਿਣ ਦੇ ਨਵੇਂ ਤਰੀਕੇ ਸਿੱਖਾਉਣ ਦੇ ਲਈ ਸਭ ਤੋਂ ਵਧੀਆ ਮੌਕਾ ਵੀ ਹੁੰਦੇ ਹਨ।

# ਬੋਲਣ ਅਤੇ ਸੁਣਨ ਦੇ ਵਿੱਚ ਆਪਣੇ ਬੱਚੇ ਦੀ ਮਦਦ ਕਰਨਾ

## ਆਪਣੇ ਬੱਚੇ ਦੇ ਨਾਲ ਬੋਲਣਾ

ਨੀਯਮ ਅਨੁਸਾਰ ਤੁਹਾਡੇ ਬੱਚੇ ਦੇ ਨਾਲ ਗੱਲ ਕਰਨਾ, ਅਤੇ ਗੱਲਾਂ ਸਾਂਝੀਆਂ ਕਰਨ ਦੇ ਨਾਲ ਤੁਹਾਡੇ ਬੱਚੇ ਦੀ ਭਾਸ਼ਾ ਅਤੇ ਸੁਣਨ ਦੀ ਕਾਬਲੀਅਤ ਵਧਦੀ ਹੈ ਅਤੇ ਭਾਸ਼ਾ ਪ੍ਰਤਿ ਉਨ੍ਹਾਂ ਦੇ ਆਤਮਵਿਸ਼ਵਾਸ ਨੂੰ ਵਧਾਉਣ ਵਿੱਚ ਵੀ ਮਦਦ ਮਿਲਦੀ ਹੈ।

ਆਪਣੀ ਰੋਜ਼ ਦੀ ਗਤੀਵਿਧੀਆਂ ਬਾਰੇ ਕੀਤੀ ਜਾਣ ਵਾਲੀ ਚਰਚਾ ਵਿੱਚ ਆਪਣੇ ਬੱਚੇ ਨੂੰ ਸ਼ਾਮਲ ਕਰੋ ਜਿਵੇਂ ਕਿ ਘਰ ਦਾ ਖਾਣ ਪੀਣ ਦਾ ਸਮਾਨ ਖਰੀਦਣ ਬਾਰੇ, ਬਾਗਬਾਨੀ, ਰਾਤ ਨੂੰ ਰੋਟੀ ਬਨਾਉਣ ਬਾਰੇ, ਮੇਲਬਕਸੇ ਤੋਂ ਡਾਕ ਚੁੱਕਣ ਜਾਣ ਬਾਰੇ, ਘਰ ਦੇ ਕੰਮ ਕਰਨ ਅਤੇ ਕਾਰ ਜਾਂ ਬੱਸ ਦੇ ਵਿੱਚ ਸਫਰ ਕਰਨ ਬਾਰੇ।

ਬਾਹਰ ਘੁੰਮਣ ਜਾਣਾ ਵੀ ਨਵੇਂ ਸ਼ਬਦਾਂ ਦੀ ਇੱਕ ਦੁਨੀਆ ਪ੍ਰਦਾਨ ਕਰ ਸਕਦਾ ਹੈ। ਬਾਹਰ ਘੁੰਮਦੇ ਹੋਏ ਗੱਲਾਂ ਬਾਤਾਂ ਕਰਨੀਆਂ, ਦੁਨੀਆ ਬਾਰੇ ਤੁਹਾਡੇ ਬੱਚੇ ਦੀ ਸਮਝ ਵਿੱਚ ਬਹੁਤ ਵਾਧਾ ਲਿਆ ਸਕਦਾ ਹੈ। ਘੁੰਮਣ ਜਾਣ ਦੇ ਵਿੱਚ ਸ਼ਾਮਲ ਹੋ ਸਕਦਾ ਹੈ ਪਾਰਕ ‘ਚ ਜਾਣਾ, ਚਿੜੀਆ ਘਰ ਜਾਣਾ, ਸ਼ਾਪਿੰਗ ਸੈਂਟਰ ਜਾਣਾ, ਮਿਊਜ਼ੀਅਮ, ਲਾਇਬ੍ਰੇਰੀਆਂ ਜਾਂ ਆਰਟ ਗੈਲਰੀਆਂ ‘ਚ ਜਾਣਾ ।

ਮੌਜ-ਮਸਤੀ ਦੀਆਂ ਹੋਰ ਗਤੀਵਿਧੀਆਂ ਦੇ ਵਿੱਚ ਇਨ੍ਹਾਂ ਚੀਜ਼ਾਂ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ:

- ਸੁਣਨ ਵਿੱਚ ਇੱਕੋ ਜਿਹੇ ਲੱਗਣ ਵਾਲੇ ਸ਼ਬਦਾਂ ਦਾ ਜੋੜ (rhymes), ਕਵਿਤਾਵਾਂ ਅਤੇ ਗਾਣੇ। ਆਪਣੇ ਬੱਚੇ ਨੂੰ ਇਨ੍ਹਾਂ ਵਿੱਚ ਸ਼ਾਮਲ ਹੋਣ ਦੇ ਲਈ ਉਤਸ਼ਾਹਤ ਕਰੋ।
- ਪਰਿਵਾਰਕ ਇਤਿਹਾਸ ਅਤੇ ਪਰਿਵਾਰਕ ਫੋਟੋਆਂ ਸਾਂਝੀਆਂ ਕਰੋ ਅਤੇ ਉਨ੍ਹਾਂ ਬਾਰੇ ਗੱਲ ਕਰੋ।
- ਉਹ ਕਿਤਾਬਾਂ ਜਿਨ੍ਹਾਂ ਵਿੱਚ ਤਸਵੀਰਾਂ ਬਣੀਆਂ ਹੋਣ ਜਾਂ ਕਲਾ ਦੀਆਂ ਕਿਤਾਬਾਂ ਨੂੰ ਵੇਖੋ। ਆਪਣੇ ਬੱਚੇ ਨੂੰ ਆਖੋ ਕਿ ਉਹ ਵਿਆਖਿਆ ਕਰੇ ਕਿ ਤਸਵੀਰ ਦੇ ਵਿੱਚ ਕੀ ਹੋ ਰਿਹਾ ਹੈ ਅਤੇ ਮਿਲ ਜੁਲ ਕੇ ਕਹਾਣੀਆਂ ਬਣਾਉ।
- ਗੱਤਾ ਅਤੇ ਹੋਰ ਘਰੇਲੂ ਚੀਜ਼ਾਂ ਨੂੰ ਇਕੱਠਾ ਕਰੋ ਅਤੇ ਆਪਣੇ ਬੱਚੇ ਨੂੰ ਉਨ੍ਹਾਂ ਦੇ ਨਾਲ ਕੁਝ ਬਨਾਉਣ ਲਈ ਕਹੋ। ਆਪਣੇ ਬੱਚੇ ਨੂੰ ਆਖੋ ਕਿ ਵਿਆਖਿਆ ਕਰੇ ਕਿ ਉਹ ਕੀ ਬਣਾ ਰਿਹਾ / ਰਹੀ ਹੈ।
- “ਜੰਕ ਮੇਲ (junk mail)” ਵੇਖੋ ਅਤੇ ਵਿਕਾਊ ਚੀਜ਼ਾਂ ਦੇ ਬਾਰੇ ਗੱਲਬਾਤ ਕਰੋ।
- ਇਕੱਠੇ ਹੋ ਕੇ ਸਧਾਰਣ ਰੇਡੀਉ ਪ੍ਰੋਗਰਾਮ ਜਾਂ ਪੌਡਕਾਸਟ (podcast) ਸੁਣੋ ਅਤੇ ਉਨ੍ਹਾਂ ਵਿੱਚ ਜੋ ਸੁਣ ਰਹੇ ਹੋ ਉਸ ਬਾਰੇ ਚਰਚਾ ਕਰੋ
- ਆਪਣੇ ਬੱਚੇ ਦੇ ਨਾਲ ਸ਼ਬਦਕੋਸ਼ (vocabulary) ਦੀਆਂ ਖੇਡਾਂ ਖੇਡੋ ਜਿਵੇਂ ਕਿ, “… ਦਾ ਉਲਟਾ ਕੀ ਹੁੰਦਾ ਹੈ?” (ਉਦਾਹਰਣ ਦੇ ਲਈ, “ਵੱਡੇ ਦਾ ਉਲਟਾ ਕੀ ਹੁੰਦਾ ਹੈ?”) ਅਤੇ “… ਨੂੰ ਹੋਰ ਕਿਸ ਨਾਮ ਨਾਲ ਬੁਲਾਇਆ ਜਾਂਦਾ ਹੈ?” (ਉਦਾਹਰਣ ਦੇ ਲਈ, ਗੁੱਸਾ ਹੋਣ ਨੂੰ ਹੋਰ ਕਿਸ ਨਾਮ ਨਾਲ ਬੁਲਾਇਆ ਜਾਂਦਾ ਹੈ?”)

### ਜ਼ੁਬਾਨੀ ਕਹਾਣੀ ਸੁਨਾਉਣਾ

ਤੁਹਾਡੇ ਬੱਚੇ ਦੇ ਬੋਲਣ ਅਤੇ ਸੁਣਨ ਦੀ ਕਾਬਲੀਅਤ ਨੂੰ ਵਧਾਉਣ ਦਾ, ਅਤੇ ਉਨ੍ਹਾਂ ਦੀ ਯਾਦਾਸ਼ਤ ਅਤੇ ਕਲਪਨਾ ਦੇ ਵਿਕਾਸ ਕਰਨ ਦਾ ਇੱਕ ਬਹੁਤ ਹੀ ਵਧੀਆ ਤਰੀਕਾ ਹੈ ਕਹਾਣੀ ਸੁਨਾਉਣਾ। ਜਾਂ ਤਾਂ ਤੁਸੀਂ ਕਹਾਣੀ ਸੁਣਾ ਸਕਦੇ ਹੋ, ਜਾਂ ਤੁਸੀਂ ਆਪਣੇ ਬੱਚੇ ਨੂੰ ਕਹਾਣੀ ਸੁਨਾਉਣ ਦੇ ਲਈ ਉਤਸ਼ਾਹਿਤ ਕਰ ਸਕਦੇ ਹੋ।

ਕਹਾਣੀ ਇਨ੍ਹਾਂ ਚੀਜ਼ਾਂ ਦੇ ਬਾਰੇ ਸੁਣਾਈ ਜਾ ਸਕਦੀ ਹੈ:

- ਤੁਹਾਡੇ ਬੱਚੇ ਦਾ ਸਭ ਤੋਂ ਪਸੰਦੀਦਾ ਖਿਡੌਣਾ
- ਕੋਈ ਹੋਰ ਪਰਿਵਾਰ ਦਾ ਮੈਂਬਰ
- ਕੋਈ ਪਾਲਤੂ ਜਾਨਵਰ
- ਕਿਸੇ ਕਿਤਾਬ ਜਾਂ ਟੈਲੀਵੀਯਨ ਪ੍ਰੋਗਰਾਮ ਦਾ ਕੋਈ ਕਾਲਪਨਿਕ ਚਰਿੱਤਰ
- ਕੋਈ ਮਸ਼ਹੂਰ ਵਿਅਕਤੀ
- ਵੱਖ ਵੱਖ ਕਿਸਮ ਦੇ ਪੇਸ਼ਿਆਂ ਵਿੱਚ ਕੰਮ ਕਰ ਰਹੇ ਵਿਅਕਤੀਆਂ ਦੇ ਕੰਮ ਬਾਰੇ ਜਿਵੇਂ ਕਿ ਐਸਟਰੋਨੌਟ (astronauts), ਫਾਇਰਫਾਈਟਰ (firefighters), ਨਰਸਾਂ ਜਾਂ ਅਧਿਆਪਕ
- ਇੱਕ ਕਾਲਪਨਿਕ ਦੁਨੀਆ ਦੇ ਕਾਲਪਨਿਕ ਚਰਿੱਤਰ
- ਇੱਕ ਕਾਲਪਨਿਕ ਜਾਨਵਰ ਜੋ ਕਿ ਬੋਲ ਸਕਦਾ ਹੈ।

ਕਹਾਣੀ ਸੁਨਾਉਣੀ ਸ਼ੁਰੂ ਕਰਨ ਦੇ ਕੁਝ ਸੁਝਾਅ ਇੱਥੇ ਦਿੱਤੇ ਗਏ ਹਨ:

- ਇਸ ਨੂੰ ਦਿਲਚਸਪ ਬਣਾਉ, ਵੱਖਰੀਆਂ ਆਵਾਜ਼ਾਂ, ਕਠਪੁਤਲੀਆਂ ਜਾਂ ਖੇਡ ਦੇ ਤਰੀਕੇ ਨਾਲ ਉਂਗਲ ਹਿਲਾਉਣਾ
- ਕਾਲਪਨਿਕ ਖੇਡਾਂ ਅਤੇ ਕਹਾਣੀ ਸੁਨਾਉਣ ਦੇ ਵਿੱਚ ਮਦਦ ਕਰਨ ਦੇ ਲਈ ਆਪਣੇ ਬੱਚੇ ਦੇ ਲਈ ਇੱਕ ਕੱਪੜੇ ਪਵਾਉਣ ਦਾ ਬਕਸਾ (dress-up box) ਰੱਖੋ।
- ਤੁਹਾਡੇ ਬੱਚੇ ਵਿੱਚ ਕਿਹੜੀਆਂ ਚੀਜ਼ਾਂ ਦਿਲਚਸਪੀ ਜਗਾਉਂਦੀਆਂ ਹਨ, ਉਨ੍ਹਾਂ ਦੇ ਨਾਲ ਸ਼ੁਰੂ ਕਰੋ
- ਇੱਕ ਚਰਿੱਤਰ ਅਤੇ ਇੱਕ ਕਾਲਪਨਿਕ ਕਹਾਣੀ ਦੇ ਨਾਲ ਸ਼ੁਰੂ ਕਰੋ

## ਪੜ੍ਹਨ ਦੇ ਵਿੱਚ ਤੁਹਾਡੇ ਬੱਚੇ ਦੀ ਮਦਦ ਕਰਨਾ

### ਇਕੱਠੇ ਪੜ੍ਹਨਾ

ਇਕੱਠੇ ਪੜ੍ਹਨਾ ਇੱਕ ਬਹੁਮੁੱਲੀ ਚੀਜ਼ ਹੈ। ਪੜ੍ਹਨ ਦੇ ਨਾਲ ਤੁਹਾਡੇ ਬੱਚੇ ਦੇ ਸ਼ਬਦਕੋਸ਼ ਵਿੱਚ ਵਾਧਾ ਹੁੰਦਾ ਹੈ, ਉਸ ਦੀ ਦੁਨੀਆਂ ਬਾਰੇ ਸਮਝ ਦੇ ਵਿੱਚ ਵਾਧਾ ਹੁੰਦਾ ਹੈ ਅਤੇ ਭਾਸ਼ਾ ਨੂੰ ਇਸਤੇਮਾਲ ਕਰਨ ਦੇ ਵੇਲੇ

ਉਨ੍ਹਾਂ ਨੂੰ ਆਤਮਵਿਸ਼ਵਾਸ ਪ੍ਰਦਾਨ ਕਰਦਾ ਹੈ। ਪੜ੍ਹਨਾ, ਬੋਲੇ ਗਏ ਸ਼ਬਦਾਂ ਅਤੇ ਲਿਖੇ ਗਏ ਸ਼ਬਦਾਂ ਦੇ ਵਿਚਕਾਰ ਇੱਕ ਕੜੀ ਜੋੜਨ ਦਾ ਇੱਕ ਮਹੱਤਵਪੂਰਨ ਤਰੀਕਾ ਵੀ ਹੈ।

ਹੇਠਾਂ ਕੁਝ ਆਮ ਸੁਝਾਅ ਦਿੱਤੇ ਗਏ ਹਨ:

- ਇਕੱਠੇ ਕਿਤਾਬਾਂ ਚੁਣਨ ਅਤੇ ਪੜ੍ਹਨ ਦੇ ਲਈ, ਅਤੇ ਕਹਾਣੀ ਟਾਈਮ ਦੇ ਸੈਸ਼ਨ ਵਿੱਚ ਹਾਜ਼ਰ ਹੋਣ ਦੇ ਲਈ, ਆਪਣੀ ਸਥਾਨਕ ਲਾਇਬ੍ਰੇਰੀ ਵਿੱਚ ਜਾਉ। ਲਾਇਬ੍ਰੇਰੀ ਦੇ ਕਹਾਣੀ ਟਾਈਮ ਦੇ ਸੈਸ਼ਨ ਇੱਕ ਬਹੁਤ ਹੀ ਵਧੀਆ ਤਰੀਕਾ ਹਨ ਜਿਸ ਦੇ ਨਾਲ ਤੁਸੀਂ ਆਪਣੇ ਬੱਚੇ ਦੇ ਨਾਲ ਇੱਕ ਸਮੂਹ ਦੇ ਵਿੱਚ ਬੈਠ ਕੇ ਪੜ੍ਹਨ ਨਾਲ ਹੋਣ ਵਾਲੀ ਖ਼ੁਸ਼ੀ ਨੂੰ ਸਾਂਝਾ ਕਰ ਸਕਦੇ ਹੋ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਉਹ ਆਪਣੇ ਪਸੰਦ ਮੁਤਾਬਕ ਕਿਤਾਬਾਂ, ਮੈਗਜ਼ੀਨਾਂ, ਕੈਟਾਲਾਗ (catalogues) ਜਾਂ ਮਲਟੀਮੀਡਿਆ ਦੀਆਂ ਕਹਾਣੀਆਂ ਦਾ ਚੁਨਾਵ ਕਰਣ।
- ਪੜ੍ਹਨ ਦੇ ਲਈ ਹਰ ਰੋਜ਼ ਕੁਝ ਵਕਤ ਵੱਖਰਾ ਰੱਖੋ। ਸੌਣ ਤੋਂ ਪਹਿਲਾਂ ਕੁਝ ਪੜ੍ਹਨਾ ਇੱਕ ਚੰਗੀ ਆਦਤ ਪਾ ਲੈਣਾ ਹੈ।

- ਕੁਝ ਇਸ ਤਰੀਕੇ ਦੇ ਨਾਲ ਬੈਠੋ, ਤਾਂ ਜੋ ਤੁਹਾਡਾ ਬੱਚਾ ਅੱਖਰ ਅਤੇ ਤਸਵੀਰਾਂ ਦੇਖ ਸਕੇ।
- ਹਰ ਇੱਕ ਅੱਖਰ ਦੇ ਨਾਲ ਨਾਲ ਪੇਜ ਉੱਤੇ ਆਪਣੀ ਉਂਗਲ ਨੂੰ ਚਲਾਓ ਤਾਂ ਜੋ ਤੁਹਾਡੇ ਬੱਚੇ ਨੂੰ ਅੱਖਰਾਂ ਅਤੇ ਉਨ੍ਹਾਂ ਦੀਆਂ ਅਵਾਜ਼ਾਂ ਦੀ ਪਹਿਚਾਣ ਕਰਨ ਅਤੇ ਯਾਦ ਰੱਖਣ ਵਿੱਚ ਮਦਦ ਮਿਲ ਸਕੇ।
- ਅਜਿਹੀਆਂ ਕਿਤਾਬਾਂ ਸਾਂਝੀਆਂ ਕਰੋ ਜਿਨ੍ਹਾਂ ਅੰਦਰ ਸ਼ਬਦਾਂ ਰਹਿਤ ਤਸਵੀਰਾਂ ਹੋਣ ਅਤੇ ਤਸਵੀਰਾਂ ਵਿੱਚ ਬਣੀਆਂ ਚੀਜ਼ਾਂ ਨੂੰ ਨਾਮ ਦੇ ਕੇ ਅਤੇ ਉਨ੍ਹਾਂ ਦੀ ਵਿਆਖਿਆ ਕਰੋ। ਇਸ ਤਰੀਕੇ ਦੇ ਨਾਲ ਕਲਪਨਾ, ਵਿਚਾਰਾਂ ਅਤੇ ਸ਼ਬਦਾਂ ਦੇ ਭੰਡਾਰ ਦਾ ਵਿਕਾਸ ਕਰੋ।
- ਕਿਤਾਬਾਂ ਦੇ ਵਿੱਚ ਰਾਈਮ (rhyme), ਰਿਧਮ (rhythm) ਅਤੇ ਦੁਹਰਾਉਂਦੀਆਂ ਚੀਜ਼ਾਂ ਲੱਭੋ। ਇਸ ਦੇ ਨਾਲ ਤੁਹਾਡੇ ਬੱਚੇ ਅੰਦਰ ਭਾਸ਼ਾ ਪ੍ਰਤੀ ਪਿਆਰ ਵਿਕਸਿਤ ਹੋਵੇਗਾ।
- ਆਪਣੇ ਬੱਚੇ ਨੂੰ ਪੜ੍ਹ ਕੇ ਸੁਣਾਉਂਦੇ ਵੇਲੇ, ਕਹਾਣੀਆਂ ਨੂੰ ਵਾਕਸ਼ੈਲੀ (expression) ਦੇ ਨਾਲ ਪੜ੍ਹੋ, ਜਾਂ ਕੋਸ਼ਿਸ਼ ਕਰੋ ਕਿ ਚਰਿੱਤਰਾਂ ਵਰਗੀਆਂ ਹੀ ਅਵਾਜ਼ਾਂ ਕੱਢੋ। ਇਸ ਦੇ ਨਾਲ ਪੜ੍ਹਨਾ ਇੱਕ ਮੌਜ-ਮਸਤੀ ਵਾਲਾ ਕੰਮ ਬਣ ਜਾਵੇਗਾ।
- ਕਿਸੇ ਕਿਤਾਬ ਦੀਆਂ ਜ਼ਰੂਰੀ ਵਿਸ਼ੇਸ਼ਤਾਵਾਂ ਵੱਲ ਇਸ਼ਾਰਾ ਕਰੋ – ਜਿਵੇਂ ਕਿ ਸ਼ਬਦ ਅਤੇ ਤਸਵੀਰਾਂ, ਸਾਮ੍ਹਣੇ ਦਾ ਕਵਰ, ਜਿਲਦ, ਵਿਸ਼ਾ ਸੂਚੀ ਜਾਂ ਸ਼ੀਰਸ਼ਕ।
- ਡਿਕਸ਼ਨਰੀ ਦੇ ਇਸਤੇਮਾਲ ਦੇ ਨਾਲ ਸ਼ਬਦਾਂ ਦੀ ਖੋਜ ਕਰੋ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਉਹ ਪੜ੍ਹਨ ਦੇ ਕੁਝ ਹਿੱਸੇ ਦਾ, ਜਾਂ ਜੇ ਉਨ੍ਹਾਂ ਵਿੱਚ ਆਤਮਵਿਸ਼ਵਾਸ ਹੈ, ਤਾਂ ਸਾਰੇ ਹਿੱਸੇ ਨੂੰ ਪੜ੍ਹਨ ਦਾ ਕਾਰਜਕਾਰ ਸੰਭਾਲਣ।
- ਜੇ ਤੁਹਾਡੇ ਬੱਚੇ ਅੰਦਰ ਪੜ੍ਹਨ ਦਾ ਆਤਮਵਿਸ਼ਵਾਸ ਹੈ, ਤਾਂ ਉਨ੍ਹਾਂ ਨੂੰ ਬਗ਼ੈਰ ਰੋਕੇ ਪੜ੍ਹਨ ਦਿਉ। ਆਤਮਵਿਸ਼ਵਾਸ ਦੇ ਨਾਲ ਬੇਅਟਕ ਬੋਲਣ ਦੀ ਸਮਰੱਥਾ (fluency) ਪ੍ਰਾਪਤ ਹੁੰਦੀ ਹੈ। ਗਲਤੀਆਂ ਬਾਰੇ ਚਰਚਾ, ਇੱਕ ਹਿੱਸਾ ਪੜ੍ਹ ਲੈਣ ਤੋਂ ਬਾਅਦ ਕੀਤੀ ਜਾ ਸਕਦੀ ਹੈ, ਜਾਂ ਫਿਰ ਕੁਝ ਅਗਲੇ ਹਿੱਸੇ ਪੜ੍ਹਨ ਲੈਣ ਤੋਂ ਬਾਅਦ।

- ਆਪਣੇ ਬੱਚੇ ਨੂੰ ਉਸਦੀ ਗਤੀ ਮੁਤਾਬਕ ਪੜ੍ਹ ਲੈਣ ਦਿਉ। ਜਦ ਤੁਸੀਂ ਉਨ੍ਹਾਂ ਨੂੰ ਪੜ੍ਹ ਕੇ ਸੁਨਾ ਰਹੇ ਹੋਵੋ ਤਾਂ ਇੱਕ ਵਧੀਆ ਗਤੀ ਵਿੱਚ ਪੜ੍ਹੋ।
- ਆਪਣੇ ਬੱਚੇ ਨੂੰ ਕਿਤਾਬਾਂ ਦੋਬਾਰਾ ਤੋਂ ਪੜ੍ਹ ਲੈਣ ਦਾ ਮੌਕਾ ਪ੍ਰਦਾਨ ਕਰੋ।
- ਆਪਣੇ ਬੱਚੇ ਨੂੰ ਵਿਕਟੋਰੀਅਨ ਪ੍ਰੀਮੀਅਰ ਦੇ ਰੀਡਿੰਗ ਚੈਲੇਂਜ (ਚੁਣੌਤੀ) ਦੇ ਨਾਲ ਜੁੜਨ ਦੇ ਲਈ ਉਤਸ਼ਾਹਿਤ ਕਰੋ, ਇਹ ਚੈਲੇਂਜ ਹਰ ਸਾਲ ਮਾਰਚ ਤੋਂ ਸਤੰਬਰ ਤੱਕ ਚੱਲਦਾ ਹੈ। ਇਸ ਅੰਦਰ ਭਾਗ ਲੈ ਰਹੀਆਂ ਸ਼ੁਰੂਆਤੀ ਬਚਪਨ ਸੇਵਾਵਾਂ (early childhood services) ਅਤੇ ਸਕੂਲ, ਤੁਹਾਡੇ ਬੱਚੇ ਨੂੰ ਇਸ ਵਿੱਚ ਰਜਿਸਟਰ ਕਰਨਗੀਆਂ – ਨਹੀਂ ਤੇ ਤੁਸੀਂ ਆਪਣੇ ਬੱਚੇ ਨੂੰ ਆਪ ਰਜਿਸਟਰ ਕਰ ਸਕਦੇ ਹੋ: ਵਿਕਟੋਰੀਅਨ ਪ੍ਰੀਮੀਅਰ ਦਾ ਰੀਡਿੰਗ ਚੈਲੇਂਜ (Victorian Premiers' Reading Challenge)
- ਤੁਹਾਡੀ ਲਾਇਬ੍ਰੇਰੀ ਵਿੱਚ ਚੱਲ ਰਹੇ 'ਸਕੂਲ ਤੋਂ ਪਹਿਲਾਂ 1000 ਕਿਤਾਬਾਂ' ਪ੍ਰੋਗਰਾਮ ਦੇ ਨਾਲ ਜੁੜੋ (State Library Victoria 1000 Books)

## ਮੁਸ਼ਕਿਲ ਸ਼ਬਦਾਂ ਦਾ ਮਤਲਬ ਸਮਝਣ ਵਿੱਚ ਤੁਹਾਡੇ ਬੱਚੇ ਦੀ ਮਦਦ ਕਰਨਾ

ਜਦ ਤੁਹਾਡਾ ਬੱਚਾ ਤੁਹਾਡੇ ਲਈ ਪੜ੍ਹਨਾ ਸ਼ੁਰੂ ਕਰਦਾ ਹੈ, ਤਾਂ ਉਸ ਨੂੰ ਕਈ ਵਾਰ ਲੰਬੇ ਜਾਂ ਮੁਸ਼ਕਿਲ ਸ਼ਬਦਾਂ ਦੇ ਨਾਲ ਤੰਗੀ ਆਵੇਗੀ। ਇਹ ਜ਼ਰੂਰੀ ਹੈ ਕਿ ਤੁਹਾਡੇ ਬੱਚੇ ਨੂੰ ਮੁਸ਼ਕਿਲ ਸ਼ਬਦਾਂ ਦਾ ਮਤਲਬ ਆਪੇ ਸਮਝਣ ਦੇ ਲਈ ਵਕਤ ਦਿੱਤਾ ਜਾਵੇ। ਇਸਦੇ ਨਾਲ ਉਨ੍ਹਾਂ ਦੀ ਪੜ੍ਹਨ ਦੀ ਕਾਬਲੀਅਤ ਦੇ ਵਿਕਾਸ ਵਿੱਚ ਮਦਦ ਮਿਲਦੀ ਹੈ। ਫਿਰ ਵੀ, ਜੇ ਉਹ ਕਿਤੇ ਅਟਕ ਜਾਂਦੇ ਹਨ ਤਾਂ ਤੁਸੀਂ ਹੇਠ ਦਿੱਤੇ ਗਏ ਸਵਾਲ ਪੁੱਛ ਕੇ ਉਨ੍ਹਾਂ ਦੀ ਮਦਦ ਕਰ ਸਕਦੇ ਹੋ:

- ਤਸਵੀਰ ਵੱਲ ਵੇਖੋ। ਕਿਹੜਾ ਸ਼ਬਦ ਤੁਹਾਨੂੰ ਸਮਝ ਵਿੱਚ ਆਉਂਦਾ ਹੈ?
- ਤਸਵੀਰ ਵੱਲ ਵੇਖੋ। ਤਸਵੀਰ ਵਿੱਚ ਤੁਸੀਂ ਅਜਿਹੀ ਕਿਹੜੀ ਚੀਜ਼ ਦੇਖ ਸਕਦੇ ਹੋ ਜਿਸ ਦਾ ਨਾਮ ਉਸ ਅੱਖਰ ਤੋਂ ਸ਼ੁਰੂ ਹੁੰਦਾ ਹੋ ਸਕਦਾ ਹੈ?
- ਉਹ ਸ਼ਬਦ ਕਿਹੜੇ ਅੱਖਰ (ਜਾਂ ਅੱਖਰਾਂ) ਦੇ ਨਾਲ ਸ਼ੁਰੂ ਹੁੰਦਾ ਹੈ? ਉਹ ਅੱਖਰ ਕੀ ਅਵਾਜ਼ ਪੈਦਾ ਕਰਦਾ (ਜਾਂ ਕਰਦੇ) ਹਨ?
- ਉਸ ਸ਼ਬਦ ਦੇ ਵਿਚਕਾਰ ਕਿਹੜੇ ਅੱਖਰ ਹਨ? ਇਹ ਅੱਖਰ ਕੀ ਅਵਾਜ਼ ਪੈਦਾ ਕਰਦੇ ਹਨ?
- ਉਹ ਸ਼ਬਦ ਕਿਹੜੇ ਅੱਖਰ (ਜਾਂ ਅੱਖਰਾਂ) ਦੇ ਨਾਲ ਖਤਮ ਹੁੰਦਾ ਹੈ? ਉਹ ਅੱਖਰ ਕੀ ਅਵਾਜ਼ ਪੈਦਾ ਕਰਦਾ (ਜਾਂ ਕਰਦੇ) ਹਨ?
- ਕੀ ਤੁਸੀਂ ਉਨ੍ਹਾਂ ਆਵਾਜ਼ਾਂ ਨੂੰ ਮਿਲਾ ਕੇ ਇੱਕ ਸ਼ਬਦ ਬਣਾ ਸਕਦੇ ਹੋ?

ਇੱਕ ਹੋਰ ਵਧੀਆ ਨੀਤੀ ਇਹ ਹੈ ਕਿ ਆਪਣੇ ਬੱਚੇ ਨੂੰ ਪੁੱਛੋ ਕਿ ਉਸਨੇ ਇਹ ਸ਼ਬਦ ਕਿਵੇਂ ਪਛਾਣਿਆ। ਇਸ ਤਰੀਕੇ ਦੇ ਨਾਲ, ਤੁਹਾਡੇ ਕੋਲੋਂ ਅਤੇ ਸਕੂਲ ਵਿੱਚ, ਪੜ੍ਹਨ ਦੀਆਂ ਜੋ ਰਣਨੀਤੀਆਂ ਉਹ ਸਿੱਖਦੇ ਹਨ, ਉਨ੍ਹਾਂ ਨੂੰ ਮਜ਼ਬੂਤੀ ਮਿਲਦੀ ਹੈ

ਕਿਤਾਬ ਬਾਰੇ ਗੱਲਬਾਤ (**Book Chat**)

ਕਿਤਾਬਾਂ ਅਤੇ ਉਨ੍ਹਾਂ ਅੰਦਰ ਲਿਖੀਆਂ ਗੱਲਾਂ ਦੇ ਮਤਲਬ ਬਾਰੇ ਚਰਚਾ ਕਰਨਾ, ਪੜ੍ਹਨ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਕਿਤਾਬ ਦੇ ਬਾਰੇ, ਪੜ੍ਹਨ ਤੋਂ ਪਹਿਲਾਂ, ਪੜ੍ਹਨ ਦੇ ਵੇਲੇ ਅਤੇ ਪੜ੍ਹਨ ਤੋਂ ਬਾਅਦ ਗੱਲਬਾਤ ਕਰੋ, ਅਤੇ ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਆਪਣੇ ਵਿਚਾਰ (ideas) ਸਾਂਝੇ ਕਰਨ ਅਤੇ ਕਿਤਾਬ ਦੇ ਬਾਰੇ ਸਵਾਲ ਪੁੱਛਣ।

ਕਿਤਾਬ ਦੇ ਬਾਰੇ, ਪੜ੍ਹਨ ਤੋਂ ਪਹਿਲਾਂ, ਪੜ੍ਹਨ ਦੇ ਵੇਲੇ ਅਤੇ ਪੜ੍ਹਨ ਤੋਂ ਬਾਅਦ ਜੋ ਸਵਾਲ ਤੁਸੀਂ ਪੁੱਛ ਸਕਦੇ ਹੋ, ਉਹ ਇਹ ਹਨ:

- ਕਿਤਾਬ ਦੇ ਕਵਰ ਨੂੰ ਵੇਖੋ। ਤੁਹਾਨੂੰ ਕੀ ਲੱਗਦਾ ਹੈ ਇਹ ਕਿਤਾਬ ਕਿਸ ਬਾਰੇ ਹੋ ਸਕਦੀ ਹੈ?
- ਕਹਾਣੀ ਦੀ ਸ਼ੁਰੂਆਤ ਦੇ ਵਿੱਚ ਤੁਸੀਂ ਉਸਦੇ ਅੰਦਰ ਦੱਸੇ ਗਏ ਚਰਿੱਤਰ (character) ਦੇ ਬਾਰੇ ਕੀ ਵਿਆਖਿਆ ਕਰੋਗੇ?
- ਇਹ ਕਿਤਾਬ ਵਿੱਚ ਜਿਸ ਸਥਾਨ ਦਾ ਜ਼ਿਕਰ ਹੈ, ਉਸ ਦੇ ਨਾਲ ਤੁਹਾਨੂੰ ਕੀ ਮਹਿਸੂਸ ਹੁੰਦਾ ਹੈ?
- ਤਸਵੀਰਾਂ ਅੰਦਰ ਕੀ ਹੋ ਰਿਹਾ ਹੈ?
- ਤੁਸੀਂ ਕੀ ਸੋਚਦੇ ਹੋ ਅੱਗੇ ਕੀ ਹੋਵੇਗਾ?
- ਇਸ ਚਰਿੱਤਰ (character) ਨੇ ਇੱਦਾਂ ਕਿਉਂ ਕੀਤਾ ਹੋਵੇਗਾ? ਬਿਲਕੁਲ ਅਜਿਹੀ ਸਥਿਤੀ ਵਿੱਚ ਤੁਸੀਂ ਕੀ ਕਰੋਗੇ?
- ਕਹਾਣੀ ਵਿੱਚ ਤੁਹਾਡਾ ਸਭ ਤੋਂ ਮਨਪਸੰਦ ਚਰਿੱਤਰ (character) ਕੌਣ ਸੀ? ਉਹ ਚਰਿੱਤਰ ਤੁਹਾਨੂੰ ਕਿਉਂ ਚੰਗਾ ਲੱਗਾ?
- ਕਿਤਾਬ ਵਿੱਚੋਂ ਤੁਹਾਡਾ ਸਭ ਤੋਂ ਮਨਪਸੰਦ ਹਿੱਸਾ ਕਿਹੜਾ ਸੀ?
- ਕੀ ਤੁਸੀਂ ਕਹਾਣੀ ਨੂੰ ਦੋਬਾਰਾ ਆਪਣੇ ਸ਼ਬਦਾਂ ਵਿੱਚ ਬਿਆਨ ਕਰ ਸਕਦੇ ਹੋ?

## ਸਕਰੀਨ ਟਾਈਮ ਦਾ ਜ਼ਿਆਦਾ ਤੋਂ ਜ਼ਿਆਦਾ ਫਾਇਦਾ ਚੁੱਕਣਾ

ਕਿਤਾਬ ਬਾਰੇ ਗੱਲਬਾਤ (Book Chat) ਵੇਲੇ ਤੁਸੀਂ ਜੋ ਸਵਾਲ ਆਪਣੇ ਬੱਚੇ ਕੋਲੋਂ ਪੁੱਛੇ ਸੀ (ਉੱਤੇ ਵੇਖੋ) ਉਹੀ ਸਵਾਲਾਂ ਦਾ ਇਸਤੇਮਾਲ ਤੁਸੀਂ ਟੀ ਵੀ ਦੇ ਪ੍ਰੋਗਰਾਮਾਂ (ਜਿਵੇਂ ਕਿ ਕਾਰਟੂਨ) ਜਾਂ ਉਨ੍ਹਾਂ ਫਿਲਮਾਂ ਨੂੰ ਦੇਖਦੇ ਹੋਏ ਪੁੱਛ ਸਕਦੇ ਹੋ ਜੋ ਤੁਸੀਂ ਇਕੱਠੇ ਬੈਠ ਕੇ ਵੇਖਦੇ ਹੋ। ਵੀਜ਼ੁਅਲ ਮੀਡੀਆ ਨੂੰ ਸਮਝਣਾ, ਤੁਹਾਡੇ ਬੱਚੇ ਦੀ ਸਾਖਰਤਾ ਦਾ ਇੱਕ ਬਹੁਤ ਮੁੱਖ ਤੱਤ ਹੈ।

ਤੁਹਾਡੇ ਬੱਚੇ ਦਾ ਪੜ੍ਹਨ ਦੇ ਵਿੱਚ ਰੁਝਾਣ ਹੋਵੇ, ਇਸ ਵਿੱਚ ਮਦਦ ਕਰਨ ਦੇ ਲਈ ਇੰਟਰਨੈਟ ਉੱਤੇ ਅਜਿਹੀਆਂ ਬਹੁਤ ਸਾਰੀਆਂ ਮਹਾਨ ਖੇਡਾਂ ਵੀ ਹਨ।

ਇਨ੍ਹਾਂ ਖੇਡਾਂ ਵਿੱਚ ਸ਼ਾਮਿਲ ਹਨ:

- ਧੁਨ ਸਬੰਧੀ (phonics) ਖੇਡਾਂ, ਜਿਨ੍ਹਾਂ ਦੇ ਨਾਲ ਪੜ੍ਹਨ ਵਿੱਚ ਅਤੇ ਅੱਖਰਾਂ ਦੀ ਆਵਾਜ਼ ਬਾਰੇ ਜਾਗਰੁਕਤਾ ਵਿੱਚ ਸੁਧਾਰ ਆਉਂਦਾ ਹੈ। ਫੋਨਿਕਸ (phonics) ਵਿੱਚ ਇੱਕ ਸ਼ਬਦ ਦੀ ਇਕੱਲੀ ਇਕੱਲੀ ਅਵਾਜ਼ ਨੂੰ ਇੱਕ ਇੱਕ ਕਰ ਕੇ ਬੋਲਿਆ ਜਾਂਦਾ ਹੈ, ਅਤੇ ਫਿਰ ਇਨ੍ਹਾਂ ਆਵਾਜ਼ਾਂ ਨੂੰ ਜੋੜ ਕੇ ਪੂਰਾ ਸ਼ਬਦ ਬਣਾਇਆ ਜਾਂਦਾ ਹੈ।
- ਵਿਆਕਰਣ, ਵਿਰਾਮ ਚਿੰਨ੍ਹ ਅਤੇ ਸਪੈਲਿੰਗ ਖੇਡਾਂ
- ਸ਼ਬਦਾਵਲੀ ਖੇਡਾਂ

ਖੇਡਾਂ ਅਤੇ ਹੋਰ ਦੂਸਰੇ ਸਰੋਤਾਂ ਨੂੰ ਆਨਲਾਈਨ ਲੱਭਣ ਦੀ ਸ਼ੁਰੂਆਤ ਕਰਨ ਵਿੱਚ ਤੁਹਾਡੀ ਮਦਦ ਕਰਨ ਦੇ ਲਈ ਵਧੀਆ ਵੈਬਸਾਈਟਾਂ ਦੀ ਇੱਕ ਛੋਟੀ ਲਿਸਟ ਇੱਥੇ ਦਿੱਤੀ ਗਈ ਹੈ:

- ਹੋਮ ਪੇਜ – FUSE – ਡਿਪਾਰਟਮੈਂਟ ਆਫ ਐਜੁਕੇਸ਼ਨ ਅਤੇ ਟਰੇਨਿੰਗ Home Page - FUSE - Department of Education & Training (ਅਰਲੀ ਚਾਈਲਡਹੁੱਡ ਜਾਂ ਪ੍ਰਾਇਮਰੀ ਵਿਦਿਆਰਥੀ ਟੈਬ ਨੂੰ ਚੁਣੋ)
- ਏਬੀਸੀ ਐਜੁਕੇਸ਼ਨ (ABC Education)
- ਏਸੀਐਮਆਈ ਸਟੋਰੀ ਮੌਂਸਟਰ (ACMI Story Monster)
- ਪਲੇ ਸਕੂਲ ਸਟੋਰੀ ਟਾਈਮ ਏਬੀਸੀ ਟੀਵੀ (Play School Story Time ABC TV)

## ਦੁਨੀਆ ਨੂੰ ਇਕੱਠੇ ਪੜ੍ਹਨਾ

ਦੁਨੀਆ ਅੱਖਰਾਂ ਅਤੇ ਸ਼ਬਦਾਂ ਦੇ ਨਾਲ ਭਰੀ ਹੋਈ ਹੈ ਜਿਨ੍ਹਾਂ ਨੂੰ ਤੁਸੀਂ ਅਤੇ ਤੁਹਾਡਾ ਬੱਚਾ ਇਕੱਠੇ ਪੜ੍ਹ ਸਕਦੇ ਹੋ।

ਗਤੀਵਿਧੀਆਂ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ:

- ਇਹ ਜ਼ਰੂਰੀ ਹੈ ਕਿ ਤੁਹਾਡੇ ਬੱਚੇ ਨੂੰ ਵਿਖਾਇਆ ਜਾਵੇ ਕਿ ਰੋਜ਼ ਦੇ ਕੰਮਾਂ ਵਿੱਚ ਪੜ੍ਹਨ ਦਾ ਕੀ ਮਹਤੱਵ ਹੈ। ਜਦੋਂ ਤੁਸੀਂ ਖਾਣੇ ਬਨਾਉਣ ਦੀ ਵਿਧੀਆਂ, ਗ੍ਰੀਟਿੰਗ ਕਾਰਡ, ਕਲੈਂਡਰ, ਖਰੀਦਾਰੀ ਦੀ ਸੂਚੀ, ਭੋਜਨ ਉੱਤੇ ਲੱਗੇ ਲੇਬਲ, ਹਿਦਾਇਤਾਂ, ਨਕਸ਼ੇ, ਅਖਬਾਰਾਂ, ਈ-ਮੇਲਾਂ, ਸੰਕੇਤ (signs), ਮੌਸਮ ਬਾਰੇ ਜਾਣਕਾਰੀ ਅਤੇ ਵੈੱਬਸਾਈਟਾਂ ਨੂੰ ਪੜ੍ਹਦੇ ਹੋ ਤਾਂ ਆਪਣੇ ਬੱਚੇ ਨੂੰ ਵਿੱਚ ਸ਼ਾਮਲ ਕਰੋ। ਉਦਾਹਰਣ ਦੇ ਤੌਰ ਤੇ ਤੁਸੀਂ ਖਾਣਾ ਬਨਾਉਣ ਦੀ ਵਿਧੀ ਇਕੱਠੇ ਪੜ੍ਹ ਸਕਦੇ ਹੋ ਅਤੇ ਉਸ ਵਿੱਚ ਦਿੱਤੇ ਗਏ ਤਰੀਕੇ ਅਪਣਾਉਂਦੇ ਹੋਏ ਆਪਣੇ ਬੱਚੇ ਦਾ ਮਨਪਸੰਦ ਖਾਣਾ ਬਣਾਉ। ਜਾਂ ਤੁਸੀਂ ਆਪਣੇ ਬੱਚੇ ਨੂੰ ਕਹਿ ਸਕਦੇ ਹੋ ਕਿ ਪੜ੍ਹੇ ਅਤੇ ਜਿਵੇਂ ਜਿਵੇਂ ਖਰੀਦਾਰੀ ਦੀ ਸੂਚੀ ਅਨੁਸਾਰ ਤੁਸੀਂ ਚੀਜ਼ਾਂ ਖਰੀਦੋ ਜਾਂ ਖੋਲੋ, ਉਹ ਉਨ੍ਹਾਂ ਨੂੰ ਸੂਚੀ ਵਿੱਚੋਂ ਕੱਟੀ ਜਾਵੇ
- ਐਲਫਾਬੈਟ ਸੂਪ (alphabet soup) ਪਕਾਓ ਅਤੇ ਜਿਵੇਂ ਜਿਵੇਂ ਤੁਸੀਂ ਅੱਖਰਾਂ ਨੂੰ ਖਾਂਦੇ ਹੋ, ਉਨ੍ਹਾਂ ਅੱਖਰਾਂ ਦਾ ਨਾਮ ਇਕੱਠੇ ਬੋਲੋ।

- ‘ਅੱਖਰ ਲੱਭੋ (word hunt)’ ਦੀ ਖੇਡ ਖੇਡੋ। ਬੇਤਰਤੀਬ ਕੋਈ ਵੀ ਲਫਜ਼ ਕਾਗਜ਼ ਦੇ ਟੁਕੜਿਆਂ ਉੱਤੇ ਲਿਖੋ ਅਤੇ ਉਨ੍ਹਾਂ ਨੂੰ ਕਮਰੇ ਦੇ ਵਿੱਚ ਵੱਖ ਵੱਖ ਥਾਵਾਂ ਤੇ ਰੱਖ ਦਿਉ। ਕਿਸੇ ਇੱਕ ਅੱਖਰ ਦਾ ਨਾਮ ਬੋਲੋ ਅਤੇ ਆਪਣੇ ਬੱਚੇ ਨੂੰ ਕਹੋ ਕਿ ਉਹ ਸਹੀ ਲਫਜ਼ ਨੂੰ ਲੱਭੇ।
- ਚੀਜ਼ਾਂ ਦੇ ਉੱਤੇ ਪੋਸਟ-ਇਟ ਨੋਟਸ (post-it notes) ਲਗਾ ਦਿਉ ਤਾਂ ਜੋ ਤੁਹਾਡਾ ਬੱਚਾ ਪੜ੍ਹ ਸਕੇ ਅਤੇ ਹਰ ਰੋਜ਼ ਨਵੇਂ ਲਫਜ਼ ਸਿੱਖੇ।

## ਲਿਖਣ ਦੇ ਵਿੱਚ ਤੁਹਾਡੇ ਬੱਚੇ ਦੀ ਮਦਦ ਕਰਨਾ

ਲਿੱਖਣਾ ਸਿੱਖਣ ਦੀ ਸ਼ੁਰੂਆਤ ਕਲਮ ਘਸੀਟਣ ਅਤੇ ਚਿੱਤਰਕਾਰੀ ਦੇ ਨਾਲ ਹੁੰਦੀ ਹੈ। ਇਹ ਇੱਕ ਜ਼ਰੂਰੀ ਪਹਿਲਾ ਕਦਮ ਹੈ ਅਤੇ ਇਸ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਅਗਲਾ ਕਦਮ ਹੈ ਆਪਣੇ ਬੱਚੇ ਨੂੰ ਉਤਸ਼ਾਹਿਤ ਕਰਨਾ ਕਿ ਉਹ ਅੱਖਰਾਂ ਵਰਗੇ ਦਿੱਸਣ ਵਾਲੇ ਆਕਾਰ ਬਣਾਵੇ, ਜਿਸ ਤੋਂ ਬਾਅਦ ਅੱਗੇ ਵੱਧਦੇ ਹੋਏ ਵਰਣਮਾਲਾ (alphabet) ਲਿਖਣ ਦਾ ਅਭਿਆਸ ਕਰਨਾ ਚਾਹੀਦਾ ਹੈ – ਦੋਵੇਂ ਤਰੀਕਿਆਂ ਦੇ ਨਾਲ – ਵੱਡੇ ਅੱਖਰਾਂ ਵਿੱਚ ਅਤੇ ਛੋਟੇ ਅੱਖਰਾਂ ਵਿੱਚ। ਇਸ ਤੋਂ ਬਾਅਦ, ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਵਾਕ ਲਿਖੇ ਜਿਨ੍ਹਾਂ ਵਿੱਚ ਛੋਟੇ ਛੋਟੇ ਲਫਜ਼ ਹੋਣ।

ਜੇ ਤੁਹਾਡਾ ਬੱਚਾ ਅਜੇ ਲਿਖ ਨਹੀਂ ਸਕਦਾ, ਤਾਂ ਤੁਸੀਂ ਉਸਦੇ ਲਈ ਲਿਖ ਸਕਦੇ ਹੋ। ਇੱਕ ਰਣਨੀਤੀ ਇਹ ਹੈ:

- ਆਪਣੇ ਬੱਚੇ ਨੂੰ ਕਹੋ ਕਿ ਕਿਸੇ ਅਨੁਭਵ ਜਾਂ ਅਜਿਹੀ ਚੀਜ਼ ਜਿਸ ਵਿੱਚ ਉਸਦੀ ਦਿਲਚਸਪੀ ਹੈ, ਉਸ ਦੇ ਬਾਰੇ ਗੱਲ ਕਰੇ।
- ਆਪਣੇ ਬੱਚੇ ਨੂੰ ਪੁੱਛੋ ਕਿ ਉਸ ਗੱਲ ਦਾ ਕਿਹੜਾ ਭਾਗ ਉਹ ਚਾਹੁੰਦਾ/ਚਾਹੁੰਦੀ ਹੈ ਕਿ ਤੁਸੀਂ ਲਿਖੋ।
- ਜਿਵੇਂ ਜਿਵੇਂ ਤੁਹਾਡਾ ਬੱਚਾ ਬੋਲ ਰਿਹਾ ਹੋਵੇ, ਉਨ੍ਹਾਂ ਦੇ ਵਿਚਾਰ ਲਿਖ ਲਉ। ਉਸਦੀ ਭਾਸ਼ਾ ਦਾ ਇਸਤੇਮਾਲ ਕਰੋ।
- ਆਪਣੇ ਬੱਚੇ ਨੂੰ ਕਹੋ ਕਿ ਜੋ ਤੁਸੀਂ ਲਿਖਿਆ ਹੈ, ਤੁਹਾਨੂੰ ਉਸਦੀ ਵਿਆਖਿਆ ਕਰੇ ਜਾਂ ਉਸਨੂੰ ਕਹੋ ਕਿ ਲਿਖਿਆ ਹੋਇਆ ਤੁਹਾਨੂੰ ਪੜ੍ਹ ਕੇ ਸੁਣਾਵੇ।
- ਹੋ ਸਕਦਾ ਹੈ ਤੁਹਾਡਾ ਬੱਚਾ ਇੱਕ ਤਸਵੀਰ ਜਾਂ ਕੁਝ ਹੋਰ ਬਣਾਵੇ ਜੋ ਕਿ ਲਿਖਤ ਦੇ ਨਾਲ ਮੇਲ ਖਾਂਦਾ ਹੋਵੇ।

ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਜਦ ਉਹ ਆਤਮਵਿਸ਼ਵਾਸ ਮਹਿਸੂਸ ਕਰੇ ਤਾਂ ਲਿਖਣ ਦਾ ਥੋੜਾ ਜਾਂ ਸਾਰਾ ਕੰਮ ਆਪ ਕਰੇ। ਜਦ ਤੁਹਾਡਾ ਬੱਚਾ ਲਿਖਣਾ ਸ਼ੁਰੂ ਕਰੇ ਤਾਂ ਹੇਠ ਲਿਖਿਆ ਕਰਨ ਦੀ ਕੋਸ਼ਿਸ਼ ਕਰੋ:

- ਵਿਸ਼ੇ ਦੇ ਉੱਤੇ ਚਰਚਾ ਕਰੋ ਅਤੇ ਆਪਣੇ ਬੱਚੇ ਨੂੰ ਸੋਚਣ ਵਾਸਤੇ ਕੁਝ ਵਿਚਾਰ ਪ੍ਰਦਾਨ ਕਰੋ। ਇਸ ਦੇ ਨਾਲ ਲਿਖਣਾ ਸ਼ੁਰੂ ਕਰਨ ਵਿੱਚ ਉਨ੍ਹਾਂ ਦਾ ਆਤਮਵਿਸ਼ਵਾਸ ਵਧੇਗਾ।
- ਆਪਣੇ ਬੱਚੇ ਨੂੰ ਕੋਈ ਵੀ ਸ਼ਬਦਾਵਲੀ ਦੀ ਸ਼ਿਕਸ਼ਾ ਦਿਉ ਜਿਸ ਦੀ ਉਨ੍ਹਾਂ ਨੂੰ ਲੋੜ ਹੋ ਸਕਦੀ ਹੋਵੇ।
- ਕਿਸੇ ਮਿਲਦੇ ਜੁਲਦੇ ਵਿਸ਼ੇ ਉੱਤੇ ਉਨ੍ਹਾਂ ਦੇ ਨਾਲ ਨਾਲ ਲਿਖ ਕੇ, ਤੁਸੀਂ ਆਪਣੇ ਬੱਚੇ ਨੂੰ ਉਤਸ਼ਾਹਿਤ ਕਰ ਸਕਦੇ ਹੋ। ਇਸ ਤੋਂ ਬਾਅਦ ਤੁਸੀਂ ਆਪਣੀ ਲਿਖਤ ਇੱਕ ਦੂਸਰੇ ਦੇ ਨਾਲ ਸਾਂਝੀ ਕਰ ਸਕਦੇ ਹੋ ਅਤੇ ਉਨ੍ਹਾਂ ਅੰਦਰ ਕੀ ਫਰਕ ਹੈ ਇਸ ਬਾਰੇ ਚਰਚਾ ਕਰ ਸਕਦੇ ਹੋ।

ਤੁਹਾਡੇ ਬੱਚੇ ਨੂੰ ਲਿਖਣ ਦੇ ਵੇਲੇ ਮਦਦ ਕਰਨ ਲਈ ਇੱਥੇ ਕੁਝ ਆਮ ਸੁਝਾਅ ਦਿੱਤੇ ਗਏ ਹਨ:

- ਇਹ ਪੱਕਾ ਕਰ ਲਉ ਕਿ ਤੁਸੀਂ ਆਪਣੇ ਬੱਚੇ ਨੂੰ ਜ਼ਰੂਰੀ ਸਾਧਨ ਦਿੱਤੇ ਹਨ, ਜਿਵੇਂ ਕਿ ਪੈਨ, ਪੈਨਸਿਲ, ਕਾਗਜ਼ ਜਾਂ ਨੋਟਬੁੱਕ ਅਤੇ ਇੱਕ ਡੈਸਕ। ਇੱਕ ਖਾਸ ਬਕਸਾ ਬਣਾਇਆ ਜਾਵੇ ਜਿਸ ਦਾ ਨਾਮ ‘ਲਿਖਣ ਲਈ ਬਕਸਾ’ ਹੋਵੇ ਅਤੇ ਜਿਸ ਦੇ ਵਿੱਚ ਤੁਹਾਡੇ ਬੱਚੇ ਦੇ ਪੈੱਨ ਅਤੇ ਪੈਂਸਲਾਂ ਰੱਖੀਆਂ ਗਈਆਂ ਹੋਣ, ਇਸ ਦੇ ਨਾਲ ਤੁਹਾਡਾ ਬੱਚਾ ਲਿਖਾਈ ਨੂੰ ਇੱਕ ਮਹੱਤਵਪੂਰਨ ਕੰਮ ਦੇ ਤਰੀਕੇ ਦੇ ਨਾਲ ਵੇਖੇਗਾ।
- ਬੱਚੇ ਦਾ ਸਾਥ ਦਿਉ ਕਿ ਉਸਨੇ ਜੋ ਲਿਖਿਆ ਹੈ ਉਸਨੂੰ ਜ਼ੋਰ ਦੇ ਨਾਲ ਪੜ੍ਹੇ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਇੱਕ ਤਸਵੀਰ, ਡ੍ਰਾਇੰਗ ਜਾਂ ਕੋਲਾਜ (collage) ਬਣਾਵੇ ਜੋ ਕਿ ਦਿਖਾਈ ਦੇ ਜਾਣ ਵਾਲੇ ਰੂਪ ਵਿੱਚ, ਉਨ੍ਹਾਂ ਦੇ ਵਿਚਾਰਾਂ ਦੀ ਨੁਮਾਇੰਦਗੀ ਕਰੇ।
- ਹਮੇਸ਼ਾਂ ਆਪਣੇ ਬੱਚੇ ਵੱਲੋਂ ਬਣਾਏ ਗਏ ਕੰਮ ਨੂੰ ਸ਼ਾਨ ਦੇ ਨਾਲ ਆਪਣੇ ਘਰ ਦੇ ਕਿਸੇ ਪ੍ਰਮੁੱਖ ਸਥਾਨ ਦੇ ਉੱਤੇ ਵੇਖਣ ਦੇ ਲਈ ਰੱਖੋ। ਇਸ ਦੇ ਨਾਲ ਉਨ੍ਹਾਂ ਨੂੰ ਆਤਮਵਿਸ਼ਵਾਸ ਮਿਲੇਗਾ, ਅਤੇ ਇਹ ਲਿਖਣ ਦੀ ਮਹੱਤਤਾ ਨੂੰ ਵਿਖਾਉਂਦਾ ਹੈ।
- ਲਿਖਣ ਦੇ ਲਈ ਉਤਸ਼ਾਹਿਤ ਕਰਨ ਵਾਲਾ ਇੱਕ ‘ਵਿਚਾਰਾਂ ਦਾ ਬੈਗ’ ਜਾਂ ‘ਵਿਚਾਰਾਂ ਦਾ ਫੋਲਡਰ’ ਬਣਾਉ। ਲਿਖਣ ਦੇ ਲਈ ਪ੍ਰਭਾਵੀ ਵਿਚਾਰਾਂ (ideas) ਦੀ ਪ੍ਰੇਰਣਾ ਦੇ ਲਈ, ਚੀਜ਼ਾਂ ਇਕੱਠੀਆਂ ਕਰੋ ਜਿਵੇਂ ਕਿ ਤਸਵੀਰਾਂ, ਮੈਗਜ਼ੀਨਾਂ, ਬ੍ਰੋਸ਼ਰਾਂ, ਫਿਲਮ ਦੀਆਂ ਟਿਕਟਾਂ, ਜਾਂ ਕਿਸੇ ਵੀ ਹੋਰ ਲੱਭੀ ਗਈ ਚੀਜ਼ ਵਿੱਚੋਂ ਕੱਟੀਆਂ ਗਈਆਂ ਤਸਵੀਰਾਂ।

## ਅਨੁਭਵਾਂ ਅਤੇ ਦਿਲਚਸਪੀਆਂ ਦੇ ਬਾਰੇ ਲਿਖਣਾ

ਵਿਸ਼ੇ ਇਹ ਹੋ ਸਕਦੇ ਹਨ:

- ਹਾਲ ਹੀ ਵਿੱਚ ਹੋਏ ਕਿਸੇ ਅਨੁਭਵ ਦੇ ਬਾਰੇ ਇੱਕ ਲੇਖ, ਜਿਵੇਂ ਕਿ ਕੋਈ ਸ਼ਾਦੀ ਜਾਂ ਜਨਮ ਦਿਨ ਦੀ ਪਾਰਟੀ, ਜਾਂ ਕਿਤੇ ਘੁੰਮਣ ਗਏ ਸੀ ਉਸ ਬਾਰੇ। ਉਦਾਹਰਣ ਦੇ ਤੌਰ ਤੇ, ਮਿਉਜ਼ਿਅਮ ਦੀ ਸੈਰ ਦੇ ਨਤੀਜੇ ਵਿੱਚ ਇਹ ਹੋ ਸਕਦਾ ਹੈ ਕਿ ਦਿਨ ਵਿੱਚ ਕਿਹੜੀਆਂ ਕਿਹੜੀਆਂ ਗਤੀਵਿਧੀਆਂ ਕੀਤੀਆਂ, ਡਾਈਨਾਸੌਰਾਂ ਬਾਰੇ ਇੱਕ ਰਿਪੋਰਟ, ਇੱਕ ਰਿਪੋਰਟ ਇਸ ਬਾਰੇ ਕਿ "ਮੈਂ ਅੱਜ ਸਭ ਤੋਂ ਵਧੀਆ ਗੱਲ ਇਹ ਸਿੱਖੀ", ਡਾਈਨਾਸੌਰਾਂ ਦੇ ਪਰਿਵਾਰ ਦੇ ਬਾਰੇ ਇੱਕ ਛੋਟੀ ਜਿਹੀ ਕਹਾਣੀ, ਜਾਂ ਪ੍ਰਦਰਸ਼ਨ ਤੇ ਲੱਗੀਆਂ ਚੀਜ਼ਾਂ (exhibits) ਦੀ ਇੱਕ ਲਿਖਤ ਸੂਚੀ।
- ਕੋਈ ਚੀਜ਼ ਜਿਸ ਦੇ ਵਿੱਚ ਉਨ੍ਹਾਂ ਦੀ ਦਿਲਚਸਪੀ ਹੈ। ਤੁਹਾਡਾ ਬੱਚਾ ਕੋਈ ਪੋਸਟਰ ਬਣਾ ਸਕਦਾ ਹੈ ਜਾਂ ਕਿਸੇ ਸ਼ੌਂਕ ਜਾਂ ਕਿਸੇ ਦਿਲਚਸਪ ਲੱਗਣ ਵਾਲੀ ਚੀਜ਼ ਦੇ ਬਾਰੇ ਇਕ ਛੋਟਾ ਲੇਖ ਲਿਖ ਸਕਦਾ ਹੈ।
- ਕੋਈ ਸੁਪਨਾ ਜਾਂ ਕੋਈ ਯਾਦ ਜਿਸ ਦੀ ਉਸਨੇ ਹਾਲ ਹੀ ਵਿੱਚ ਚਰਚਾ ਕੀਤੀ ਹੋਵੇ।

## ਰਚਨਾਤਮਕ ਤਰੀਕੇ ਦੇ ਨਾਲ ਲਿਖਣਾ (**Writing Creatively**)

ਕਿਉਂਕਿ ਰਚਨਾਤਮਕ ਤਰੀਕੇ ਦੀ ਲਿਖਾਈ ਕਰਨਾ ਇੱਕ ਮਸਤੀ ਭਰੀ ਗੱਲ ਹੈ, ਇਹ ਇੱਕ ਸ਼ਾਨਦਾਰ ਤਰੀਕਾ ਹੈ ਜਿਸ ਦੇ ਲਿਖਣ ਦੇ ਲਈ ਪਿਆਰ ਦਾ ਵਿਕਾਸ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਤੁਹਾਡੇ ਬੱਚੇ ਦੀ ਕਲਪਨਾ ਨੂੰ ਵੀ ਵਿਕਾਸ ਮਿਲਦਾ ਹੈ, ਜੋ ਕਿ ਸਾਬਤ ਕੀਤਾ ਜਾ ਚੁੱਕਾ ਹੈ ਕਿ ਗਹਨ ਸੋਚ ਅਤੇ ਸਮੱਸਿਆਵਾਂ ਦਾ ਹੱਲ ਕੱਢਣ ਦੇ ਲਈ ਜ਼ਰੂਰੀ ਹੈ। ਤੁਸੀਂ ਪ੍ਰੇਰਨਾ ਦੇ ਸ੍ਰੋਤ ਦੇ ਲਈ, ਜਾਂ ਕੋਈ ਨਵੀਂ ਚੀਜ਼ ਬਣਾਉਣ ਦੇ ਲਈ ਕਿਸੇ ਅਜਿਹੀ ਕਿਤਾਬ ਦਾ ਇਸਤੇਮਾਲ ਕਰ ਸਕਦੇ ਹੋ ਜੋ ਤੁਸੀਂ ਹਾਲ ਹੀ ਵਿੱਚ ਇਕੱਠੇ ਪੜ੍ਹੀ ਹੈ।

ਰਚਨਾਤਮਕ ਤਰੀਕੇ ਦੇ ਨਾਲ ਲਿਖਣ ਦੇ ਕੁਝ ਪ੍ਰਭਾਵੀ ਵਿਚਾਰਾਂ (ideas) ਵਿੱਚ ਸ਼ਾਮਿਲ ਹਨ:

- ਕਾਰਟੂਨ ਦੇ ਰੂਪ ਵਿੱਚ ਇੱਕ ਛੋਟੀ ਜਿਹੀ ਕਹਾਣੀ ਬਣਾਉ
- ਮੈਗਜ਼ੀਨਾਂ ਅੰਦਰੋਂ ਲੋਕਾਂ ਦੀਆਂ ਤਸਵੀਰਾਂ ਨੂੰ ਕੈਂਚੀ ਦੇ ਨਾਲ ਕੱਟ ਲਉ ਅਤੇ 'ਸਪੀਚ ਬਬਲ (speech bubble) ਬਣਾਉ ਅਤੇ ਉਨ੍ਹਾਂ ਨੂੰ ਉਹ ਕਹਿੰਦੇ ਹੋਏ ਵਿਖਾਉ।
- ਆਪਣਾ ਖੁਦ ਦਾ ਸੁਪਰਹੀਰੋ ਬਣਾਉ ਅਤੇ ਉਸ ਨੂੰ ਇੱਕ ਛੋਟੇ ਜਿਹੇ ਦਿਲੇਰੀ ਜਾਂ ਜੋਖਮ ਭਰੇ ਕੰਮ (adventure) ਤੇ ਭੇਜੋ।
- ਵੈੱਬ ਤੋਂ ਮਿਲਣ ਵਾਲੀਆਂ ਕਲਾਕ੍ਰਿਤੀਆਂ ਜਿਵੇਂ ਕਿ ਚਿੱਤਰਕਾਰੀਆਂ ਅਤੇ ਫੋਟੋਆਂ ਦਾ ਇਸਤੇਮਾਲ, ਕਿਸੇ ਕਹਾਣੀ ਦੀ ਪ੍ਰੇਰਨਾ ਦੇ ਲਈ ਕਰੋ।
- ਵਾਰੀਆਂ ਬੰਨ੍ਹ ਕੇ ਵਾਕ ਲਿਖਦੇ ਹੋਏ ਅਤੇ ਕਾਰਟੂਨ ਸੈੱਲ ਬਣਾਉਂਦੇ ਹੋਏ, ਰਲ ਮਿਲ ਕੇ ਇੱਕ ਕਹਾਣੀ ਲਿਖੋ ਜਾਂ ਇੱਕ ਕਾਰਟੂਨ ਬਣਾਉ।

- ਕਹਾਣੀ ਦੀ ਇੱਕ ਸਾਦੀ ਜਿਹੀ ਬਣਤਰ (structure) ਵਿੱਚ ਇੱਕ ਚਰਿੱਤਰ ਸ਼ਾਮਿਲ ਹੁੰਦਾ ਹੈ ਜਿਸ ਦਾ ਇੱਕ ਉਦੇਸ਼ ਹੁੰਦਾ ਹੈ (ਉਦਾਹਰਣ ਦੇ ਤੌਰ ਤੇ, ਫੁੱਟਬਾਲ ਦਾ ਮੈਚ ਜਿੱਤਣਾ; ਕੋਈ ਗੁੰਮ ਹੋਇਆ ਕੁੱਤਾ ਲੱਭਣਾ, ਦੁਨੀਆ ਨੂੰ ਬਚਾਉਣਾ) ਮਗਰ ਉਸ ਉਦੇਸ਼ ਨੂੰ ਪੂਰਾ ਕਰਨ ਵਿੱਚ ਉਹ ਮੁਸ਼ਕਿਲਾਂ ਦਾ ਸਾਮ੍ਹਣਾ ਕਰਦਾ ਹੈ। ਇਹ ਬਣਤਰ ਇੱਕ ਛੋਟੀ ਜਿਹੀ ਕਹਾਣੀ ਦਾ ਆਧਾਰ ਬਣ ਸਕਦੀ ਹੈ ਜਿਸ ਨੂੰ ਤੁਸੀਂ ਦੋਵੇਂ ਇਕੱਠੇ ਲਿਖਦੇ ਹੋ।

## ਹਰ ਰੋਜ਼ ਘਰ ਦੇ ਅੰਦਰ ਲਿਖਣ ਦੇ ਮੌਕੇ

ਪੜ੍ਹਨ ਦੀ ਤਰ੍ਹਾਂ ਹੀ, ਘਰ ਦੇ ਅੰਦਰ ਤੁਹਾਡੇ ਬੱਚੇ ਦੇ ਨਾਲ ਬੈਠ ਕੇ ਲਿਖਣਾ, ਇੱਕ ਹਰ ਰੋਜ਼ ਦੀ ਗਤੀਵਿਧੀ ਬਣ ਜਾਣੀ ਚਾਹੀਦੀ ਹੈ।

ਇਨ੍ਹਾਂ ਦਿੱਤੇ ਗਏ ਪ੍ਰਭਾਵੀ ਵਿਚਾਰਾਂ (ideas) ਵਿੱਚੋਂ ਕੁਝ ਨੂੰ ਕਰਨ ਦੀ ਕੋਸ਼ਿਸ਼ ਕਰੋ:

- ਸ਼ਾਪਿੰਗ ਦੀ ਸੂਚੀ ਬਣਾਉ ਜਾਂ ਕਿਸੇ ਸੂਚੀ ਵਿੱਚ ਹੋਰ ਚੀਜ਼ਾਂ ਜੋੜੋ।
- ਪਰਿਵਾਰਕ ਸੰਦੇਸ਼ ਲਿਖਣ ਅਤੇ ਪੜ੍ਹਨ ਦੇ ਲਈ ਇੱਕ ਬੋਰਡ ਰੱਖੋ ।
- ਆਪਣੇ ਬੱਚੇ ਨੂੰ ਆਪਣੀਆਂ ਚੀਜ਼ਾਂ ਯਾਦ ਦਿਵਾਉਣ ਦੇ ਲਈ ਸਟਿਕੀ ਨੋਟਸ (sticky notes) ਦੀ ਇੱਕ ਗੱਥੀ ਦਿਉ
- ਆਪਣੀ ਪੂਰੇ ਹਫਤੇ ਦੀ ਭੋਜਨਸੂਚੀ (menu) ਦੀ ਯੋਜਨਾ ਇਕੱਠੇ ਬਣਾਉ ਅਤੇ ਲਿਖੋ।
- ਆਪਣੀ ਪਰੀਵਾਰਿਕ ਫੋਟੋ ਐਲਬਮ ਵਿੱਚ ਫੋਟੋਆਂ ਦੇ ਲਈ ਸ਼ੀਰਸ਼ਕ (captions) ਲਿਖੋ।
- ਤੁਹਾਡੇ ਬੱਚੇ ਵੱਲੋਂ ਕੀਤੇ ਕਲਾ ਦੇ ਕੰਮ ਅਤੇ ਬਣਾਈਆਂ ਚੀਜ਼ਾਂ ਉੱਤੇ ਪਰਚੀਆਂ (label) ਲਿਖ ਕੇ ਲਗਾਉ।
- ਚੁੰਬਕ ਨਾਲ ਬਣੇ ਅੱਖਰਾਂ ਦੇ ਨਾਲ ਲਫਜ਼ ਬਣਾਉ ਅਤੇ ਉਨ੍ਹਾਂ ਨੂੰ ਫ੍ਰਿਜ ਦੇ ਉੱਤੇ ਚਿਪਕਾਉ।
- ਸ਼ੁਭਕਾਮਨਾ ਦੇ ਕਾਰਡ (Greeting Cards), ਜਨਮ ਦਿਨ ਦੇ ਕਾਰਡ ਬਣਾਉ ਅਤੇ ਲਿਖੋ ਅਤੇ ਧੰਨਵਾਦ ਕਰਦੇ ਨੋਟ ਲਿਖੋ।
- ਪਰਿਵਾਰਿਕ ਕੈਲੰਡਰ ਨੂੰ ਕਿਸੇ ਦਿੱਸਣ ਵਾਲੀ ਥਾਂ ਤੇ ਰੱਖੋ ਅਤੇ ਉਸ ਤੇ ਪਰਿਵਾਰਿਕ ਘਟਨਾਵਾਂ ਬਾਰੇ ਲਿਖੋ।

# ਜਨਮ ਤੋਂ ਲੈ ਕੇ ਸਕੂਲ ਦੇ 2 ਸਾਲ ਤੱਕ: ਅੰਕ ਗਿਆਨ

ਇੱਕ ਬੱਚੇ ਦੇ ਸ਼ੁਰੂਆਤੀ ਸਾਲ ਬਹੁਤ ਹੀ ਤੇਜ਼ੀ ਦੇ ਨਾਲ ਸਿੱਖਣ ਦਾ ਸਮਾਂ ਹੁੰਦਾ ਹੈ। ਰਿਸਰਚ ਸਾਨੂੰ ਦੱਸਦੀ ਹੈ ਕਿ ਨਵਜਾਤ ਬੱਚਿਆਂ ਦੇ ਕੋਲ ਕੁਦਰਤੀ ਤੌਰ ਤੇ ਅੰਕਾਂ ਨੂੰ ਸਮਝਣ ਦੀ ਸਮਰੱਥਾ ਹੁੰਦੀ ਹੈ। ਤੁਹਾਡੇ ਬੱਚੇ ਦੇ ਪਹਿਲੇ ਅਧਿਆਪਕ ਹੋਣ ਦੇ ਨਾਤੇ, ਛੋਟੀ ਉਮਰ ਤੋਂ ਹੀ ਉਨ੍ਹਾਂ ਦੇ ਅੰਕ ਗਿਆਨ ਦੀ ਕੁਸ਼ਲਤਾ ਦੇ ਵਿਕਾਸ ਕਰਨ ਵਿੱਚ ਤੁਸੀਂ ਇੱਕ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹੋ।

ਅੰਕ ਗਿਆਨ ਦੀ ਕੁਸ਼ਲਤਾ ਦਾ ਵਿਕਾਸ ਛੇਤੀ ਹੀ ਕਰਨ ਦੇ ਨਾਲ ਬੱਚਿਆਂ ਨੂੰ ਆਪਣੇ ਸਿੱਖਣ ਅਤੇ ਵਿਕਾਸ ਕਰਨ ਦੀ ਇੱਕ ਮਹੱਤਵਪੂਰਨ ਬੁਨਿਆਦ ਮਿਲਦੀ ਹੈ। ਇਹ ਉਨ੍ਹਾਂ ਨੂੰ ਰੋਜ਼ ਦੇ ਜੀਵਨ ਦੇ ਲਈ ਤਿਆਰ ਹੋਣ ਵਿੱਚ ਮਦਦ ਕਰਦਾ ਹੈ, ਜਿਸ ਵਿੱਚ ਉਨ੍ਹਾਂ ਦਾ ਆਮ ਸਮੱਸਿਆਵਾਂ ਦੇ ਹੱਲ ਕੱਢਣਾ ਅਤੇ ਪੈਸੇ ਦਾ ਇਸਤੇਮਾਲ ਕਰਨਾ ਸ਼ਾਮਿਲ ਹਨ।

ਗਣਿਤ ਵਿੱਚ ਸ਼ਾਮਿਲ ਹੈ ਨੰਬਰਾਂ, ਰੂਪ (shapes), ਪੈਟਰਨ (pattern), ਆਕਾਰਾਂ (size), ਵਕਤ ਅਤੇ ਮਾਪਣ ਦੀ ਕਿਰਿਆ (measurement) ਨੂੰ ਨੋਟ ਕਰਨਾ। ਹਰ ਰੋਜ਼ ਦੇ ਅਨੁਭਵਾਂ ਦੇ ਅੰਦਰ ਗਣਿਤ ਨੂੰ ਸ਼ਾਮਿਲ ਕਰਨਾ ਆਸਾਨ ਅਤੇ ਮਨੋਰੰਜਨ ਭਰਿਆ ਹੁੰਦਾ ਹੈ। ਗਣਿਤ ਹਰ ਥਾਂ ਹੈ – ਖੇਡ ਦੇ ਮੈਦਾਨ ਵਿੱਚ, ਦੁਕਾਨਾਂ ਵਿੱਚ ਅਤੇ ਘਰ ਦੇ ਵਿੱਚ।

ਬੱਚਿਆਂ ਨੂੰ ਨੰਬਰਾਂ ਨੂੰ ਬਨਾਉਣ, ਗਿਣਨ, ਲਿਖਣ ਅਤੇ ਨੰਬਰਾਂ ਬਾਰੇ ਗੱਲ ਕਰਨ ਦੇ ਬਹੁਤ ਸਾਰੇ ਅਨੁਭਵਾਂ ਦੀ ਲੋੜ ਹੁੰਦੀ ਹੈ। ਇਸ ਭਾਗ ਵਿੱਚ ਲਿਖੀਆਂ ਗਤੀਵਿਧੀਆਂ ਤੁਹਾਡੇ ਬੱਚੇ ਦੀ ਇਨ੍ਹਾਂ ਕੁਸ਼ਲਤਾਵਾਂ (skills) ਦੇ ਵਿਕਾਸ ਕਰਨ ਵਿੱਚ ਮਦਦ ਕਰਣਗੀਆਂ। ਹੋ ਸਕਦਾ ਹੈ ਕਿ ਤੁਹਾਨੂੰ ਲੱਗੇ ਕਿ ਜੋ ਗਣਿਤ ਤੁਹਾਡਾ ਬੱਚਾ ਬਚਪਨ ਦੇ ਕੇਂਦਰ, ਬਾਲਵਾੜੀ (kindergarten), ਜਾਂ ਸਕੂਲ ਦੇ ਵਿੱਚ ਕਰ ਰਿਹਾ ਹੈ, ਉਹ ਉਸ ਗਣਿਤ ਨਾਲੋਂ ਵੱਖ ਹੈ ਜੋ ਤੁਹਾਨੂੰ ਪੜ੍ਹਾਇਆ ਗਿਆ ਸੀ, ਪਰ ਫੇਰ ਵੀ ਤੁਸੀਂ ਆਪਣੇ ਬੱਚੇ ਦੀ ਕਈ ਤਰੀਕਿਆਂ ਦੇ ਨਾਲ ਮਦਦ ਕਰ ਸਕਦੇ ਹੋ। ਆਪਣੇ ਬੱਚੇ ਦੇ ਲਈ ਸੰਬੰਧ ਸਥਾਪਿਤ ਕਰੋ, ਉਨ੍ਹਾਂ ਨੂੰ ਇਹ ਸਮਝਾਉਂਦੇ ਹੋਏ ਕਿ ਕਿਵੇਂ ਨੰਬਰ ਅਤੇ ਗਿਣਤੀ, ਹਰ ਰੋਜ਼ ਦੇ ਜੀਵਨ ਦਾ ਇੱਕ ਹਿੱਸਾ ਹਨ।

## ਘਰ ਦੇ ਵਿੱਚ ਇਕੱਠੇ ਗਣਿਤ ਕਰਨਾ

### ਗਣਿਤ ਦੇ ਬਾਰੇ ਗੱਲ ਕਰਨਾ

ਬੱਚਿਆਂ ਦੇ ਲਈ ਜ਼ਰੂਰੀ ਗੱਲ ਹੈ ਕਿ ਖਾਸ ਗਣਿਤ ਦੇ ਨਾਲ ਜੁੜੀਆਂ ਭਾਸ਼ਾਵਾਂ ਵਿੱਚ ਕੁਸ਼ਲਤਾ ਦਾ ਵਿਕਾਸ ਕਰਨ। ਖੇਡ ਦੇ ਮੈਦਾਨਾਂ ਤੇ ਜਾਣਾ, ਜਾਂ ਘਰ ਦੇ ਕੰਮਾਂ ਵਿੱਚ ਮਦਦ ਕਰਨਾ, ਇਨ੍ਹਾਂ ਕੁਸ਼ਲਤਾਵਾਂ ਦੇ ਵਿਕਾਸ ਕਰਨ ਦੇ ਲਈ ਬਹੁਮੁੱਲੇ ਅਤੇ ਅਰਥਪੂਰਨ ਸੰਦਰਭ ਪ੍ਰਦਾਨ ਕਰਦੇ ਹਨ। ਹੋ ਸਕਦਾ ਹੈ ਕਿ ਤੁਹਾਡੇ ਬੱਚੇ ਨੂੰ ਇਨ੍ਹਾਂ ਸ਼ਬਦਾਂ ਅਤੇ ਭਾਸ਼ਾਵਾਂ ਨੂੰ ਅਸਰਦਾਰ ਤਰੀਕੇ ਨਾਲ ਇਸਤੇਮਾਲ ਕਰਨ ਵਿੱਚ ਵਕਤ ਲੱਗੇ, ਪਰ ਇਸ ਗਣਿਤ ਵਾਲੀ ਗੱਲਬਾਤ ਦੇ ਨਾਲ ਵਾਹ ਪੈਣਾ (exposure),

ਭਵਿੱਖ ਦੀ ਸਿੱਖਿਆ ਦੇ ਲਈ ਇੱਕ ਮਜ਼ਬੂਤ ਸਹਿਯੋਗੀ ਹੁੰਦਾ ਹੈ।

ਗਣਿਤ ਵਾਲੀ ਭਾਸ਼ਾ ਦੇ ਵਿਕਾਸ ਕਰਨ ਲਈ ਕੁਝ ਗਤੀਵਿਧੀਆਂ:

- ਚੀਜ਼ਾਂ ਨੂੰ ਮੰਗਣ ਦੇ ਵੇਲੇ ਖਾਸ ਸ਼ਬਦਾਂ ਦਾ ਇਸਤੇਮਾਲ ਕਰੋ। ਉਦਾਹਰਣ ਦੇ ਤੌਰ ਤੇ, ਆਪਣੇ ਬੱਚੇ ਨੂੰ ਕਹੋ ਕਿ ਫ੍ਰਿੱਜ ਵਿੱਚੋਂ 'ਇੱਕ ਲੀਟਰ' ਵਾਲੀ ਦੁੱਧ ਦੀ ਬੋਤਲ ਕੱਢ ਕੇ ਲਿਆਵੇ, ਜਾਂ ਅਲਮਾਰੀ ਵਿੱਚੋਂ ਆਟੇ ਦੀ 'ਇੱਕ ਕਿੱਲੋ' ਵਾਲੀ ਥੈਲੀ ਲੈ ਕੇ ਆਵੇ।
- ਖਾਣਾ ਪਕਾਉਂਦੇ ਵੇਲੇ, ਮਾਪਣ ਨਾਲ ਸੰਬੰਧ ਰੱਖਦੀਆਂ ਚੀਜ਼ਾਂ ਬਾਰੇ ਗੱਲ ਕਰੋ, ਜਿਵੇਂ ਕਿ ਛੋਟਾ ਚਮਚਾ, ਮਿਲੀਮੀਟਰ, ਲੀਟਰ ਅਤੇ ਕੱਪ। ਖਾਲੀ ਹੋਣ ਜਾਂ ਭਰੇ ਹੋਣ ਦੇ ਬਾਰੇ ਵਿਚਾਰ ਸਾਂਝੇ ਕਰੋ।
- ਇਕੱਠੇ ਚੱਲਦੇ, ਗੱਲ ਕਰਦੇ ਅਤੇ ਖੇਡਦੇ ਹੋਏ, ਆਪਣੇ ਬੱਚੇ ਨੂੰ ਉਸਦੇ ਹਿੱਲਣ-ਡੁੱਲਣ ਦੀ ਵਿਆਖਿਆ ਕਰੋ ਜਦ ਉਹ ਬਾੜ (fence) ਦੇ 'ਉੱਤੇ' ਚੜ੍ਹਨ, ਖੰਭਿਆਂ 'ਵਿੱਚੋਂ ਦੀ' ਸਰਕ ਕੇ ਨਿਕਲਣ, ਅਤੇ ਮੰਕੀ ਬਾਰਜ਼ (monkey bars) ਦੇ 'ਥੱਲਿਉਂ' ਝੂਟਦੇ (swing) ਹੋਏ ਨਿਕਲਣ। ਇਹ ਤੁਹਾਡੇ ਬੱਚੇ ਦੀ ਸਥਾਨਕ ਜਾਗਰੂਕਤਾ (spacial awareness) ਦੇ ਨਾਲ ਸੰਬੰਧਿਤ ਭਾਸ਼ਾ ਨੂੰ ਸਮਝਣ ਦੇ ਵਿੱਚ ਮਦਦ ਕਰਦਾ ਹੈ।
- ਗਤੀਵਿਧੀਆਂ ਨੂੰ ਕ੍ਰਮਬੱਧ (sort) ਕਰ ਲੈਣ ਦੇ ਨਾਲ ਤੁਹਾਡੇ ਬੱਚੇ ਨੂੰ'ਉਹੀ' ਅਤੇ 'ਵੱਖ' ਵਰਗੇ ਵਿਸ਼ਿਆਂ (concepts) ਨੂੰ ਸਮਝਣ ਦੇ ਵਿੱਚ ਮਦਦ ਮਿਲਦੀ ਹੈ। ਚੀਜ਼ਾਂ ਨੂੰ ਕੂੜੇ ਵਿੱਚ ਸੁਟੱਣ ਦੇ ਲਈ ਕ੍ਰਮਬੱਧ ਕਰ ਕੇ, ਰੀਸਾਇਕਲਿੰਗ (Recycling) ਨੂੰ ਇੱਕ ਮੌਕੇ ਦੇ ਤੌਰ ਤੇ ਇਸਤੇਮਾਲ ਕਰੋ। ਉਦਾਹਰਣ ਦੇ ਤੌਰ ਤੇ, ਕਾਗਜ਼, ਪਲਾਸਟਿਕ, ਖਾਣ ਵਾਲੀਆਂ ਚੀਜ਼ਾਂ ਦਾ ਕੂੜਾ ਅਤੇ ਆਮ ਕੂੜਾ।

## ਗਿਣਤੀ ਕਰਨਾ

ਗਿਣਤੀ ਕਰਨਾ, ਛੋਟੇ ਬੱਚਿਆਂ ਦੇ ਲਈ ਗਣਿਤ ਦੇ ਨਾਲ ਹੋਏ ਸਭ ਤੋਂ ਪਹਿਲੇ ਅਨੁਭਵਾਂ ਵਿੱਚੋਂ ਇੱਕ ਹੈ।

ਨੰਬਰ ਬੋਲਣਾ ਸਿੱਖਣ ਦੀ ਸ਼ੁਰੂਆਤ ਅਕਸਰ ਇੱਕ ਮਨਪਸੰਦ ਗਾਣੇ ਜਾਂ ਸੁਨਣ ਵਿੱਚ ਇੱਕੋ ਜਿਹੇ ਲੱਗਣ ਵਾਲੇ ਸ਼ਬਦਾਂ ਦੇ ਜੋੜ (rhyme) ਦੇ ਨਾਲ, ਅਤੇ ਨੰਬਰਾਂ ਦੇ ਨਾਮ ਦੁਹਰਾਉਣ ਦੇ ਨਾਲ ਹੁੰਦੀ ਹੈ। ਵੇਖ ਕੇ ਨੰਬਰਾਂ ਦੀ ਪਛਾਣ ਕਰਨ ਅਤੇ ਇਕੱਲੇ ਇਕੱਲੇ ਨੰਬਰ ਦੀ ਪਛਾਣ ਕਰਨ ਤੋਂ ਪਹਿਲਾਂ, ਬੱਚੇ ਅਕਸਰ ਨੰਬਰ ਬੋਲਦੇ ਹਨ।

ਤੁਹਾਡੇ ਬੱਚੇ ਨੂੰ ਗਿਣਤੀ ਕਰਨ ਦੇ ਵਿੱਚ ਸ਼ਾਮਲ ਹੋਣ ਦੇ ਲਈ ਇੱਥੇ ਕੁਝ ਗਤੀਵਿਧੀਆਂ ਅਤੇ ਸੁਝਾਅ ਦੱਸੇ ਗਏ ਹਨ:

- ਇਨ੍ਹਾਂ ਗਾਣਿਆਂ ਅਤੇ rhymes ਦੇ ਵਿੱਚ ਗਿਣਤੀ ਦੇ ਕ੍ਰਮ ਨੂੰ ਸੁਣੋ, ਇਹ www.youtube.com ਤੇ ਵੇਖੇ ਜਾ ਸਕਦੇ ਹਨ:
    - Five Little Ducks (ਪੰਜ ਛੋਟੀਆਂ ਬੱਤਖਾਂ)
    - Ten in the Bed (ਬਿਸਤਰੇ ਵਿੱਚ ਦਸ)

- 1, 2, 3, 4, 5, Once I Caught a Fish Alive
  (1, 2, 3, 4, 5, ਇੱਕ ਵਾਰ ਮੈਂ ਇੱਕ ਜਿਊਂਦੀ ਮੱਛੀ ਫੜੀ ਸੀ)
- Ten Green Bottles (ਦਸ ਹਰੀਆਂ ਬੋਤਲਾਂ)
- Five Little Monkeys (ਪੰਜ ਛੋਟੇ ਬਾਂਦਰ)
- 1, 2, Buckle My Shoe (1, 2, ਮੇਰੀ ਜੁੱਤੀ ਦਾ ਬੱਕਲ ਲਗਾ ਦਿਉ)

- ਬੱਚੇ ਕਿਸੇ ਸਮੂਹ ਦੀਆਂ ਸਾਰੀਆਂ ਵਸਤੂਆਂ ਨੂੰ ਗਿਣਨ ਦੇ ਨਾਲ ਸ਼ੁਰੂਆਤ ਕਰਣਗੇ, ਉਦਾਹਰਣ ਦੇ ਤੌਰ ਤੇ, ਉਂਗਲਾਂ ਅਤੇ ਪੈਰਾਂ ਦੀਆਂ ਉਂਗਲਾਂ, ਉਨ੍ਹਾਂ ਦੇ ਕੱਪੜਿਆਂ ਤੇ ਲੱਗੇ ਬਟਨ, ਘਰ ਜਾਣ ਦੇ ਲਈ ਬਣੀਆਂ ਪੌੜੀਆਂ ਅਤੇ ਉਨ੍ਹਾਂ ਦੇ ਖਿਡੌਣੇ।
- ਜਿਵੇਂ ਜਿਵੇਂ ਬੱਚੇ ਇੱਕ ਸੈੱਟ ਦੀਆਂ ਵਸਤੂਆਂ ਨੂੰ ਗਿਣਨ ਲੱਗਣਗੇ, ਉਹ ਹਰ ਇੱਕ ਚੀਜ਼ ਨੂੰ ਕਿਸੇ ਇੱਕ ਨੰਬਰ ਦੇ ਨਾਲ ਜੋੜ ਕੇ ਵੇਖਣਾ ਸ਼ੁਰੂ ਕਰਨਗੇ। ਸ਼ੁਰੂਆਤ ਵਿੱਚ, ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਉਹ ਹਰ ਇੱਕ ਉਸ ਚੀਜ਼ ਨੂੰ ਛੂਹਣ ਜਦੋਂ ਉਹ ਉਸ ਚੀਜ਼ ਦੇ ਨਾਲ ਮੇਲ ਖਾਂਦਾ ਨੰਬਰ ਬੋਲਣ।
- ਜਦੋਂ ਉਹ ਅਜਿਹੀਆਂ ਚੀਜ਼ਾਂ ਨੂੰ ਗਿਣਨਾ ਸਿੱਖਣਾ ਸ਼ੁਰੂ ਕਰਦੇ ਹਨ ਜੋ ਕਿ ਕਿਸੇ ਸਮੂਹ ਦਾ ਹਿੱਸਾ ਹਨ, ਹੋ ਸਕਦਾ ਹੈ ਕਿ ਬੱਚੇ ਉਨ੍ਹਾਂ ਚੀਜ਼ਾਂ ਨੂੰ ਇੱਕ ਲਾਈਨ ਵਿੱਚ ਟਿਕਾਉਣ ਤਾਂ ਜੋ ਉਨ੍ਹਾਂ ਨੂੰ ਗਿਣਨ ਦੇ ਵਿੱਚ ਮਦਦ ਮਿਲ ਸਕੇ। ਬਾਅਦ ਵਿੱਚ ਉਹ ਬਗ਼ੈਰ ਚੀਜ਼ਾਂ ਨੂੰ ਟਿਕਾਉਂਦੇ ਹੋਏ ਕਿਸੇ ਵੀ ਚੀਜ਼ ਤੋਂ ਗਿਣਨਾ ਸ਼ੁਰੂ ਕਰ ਸਕਣਗੇ।
- ਇੱਕ ਵਾਰੀ ਤੁਹਾਡੇ ਬੱਚੇ ਅੰਦਰ ਆਤਮਵਿਸ਼ਵਾਸ ਆ ਜਾਵੇ, ਤਾਂ ਅਭਿਆਸ ਦੇ ਲਈ ਵੱਖ ਵੱਖ ਨੰਬਰਾਂ ਤੋਂ ਗਿਣਤੀ ਦੀ ਸ਼ੁਰੂਆਤ ਕਰੋ। ਉਦਾਹਰਣ ਦੇ ਤੌਰ ਤੇ, 6 ਜਾਂ 10 ਤੋਂ ਗਿਣਤੀ ਦੀ ਸ਼ੁਰੂਆਤ ਕਰੋ। ਆਪਣੇ ਬੱਚੇ ਨੂੰ ਕਹੋ ਕਿ ਗਿਣਤੀ ਅੱਗੇ ਦੀ ਅਤੇ ਪਿੱਛੇ ਦੀ ਕਰੇ। ਪੁੱਛੋ ਕਿ ਇੱਕ ਦੱਸੇ ਗਏ ਨੰਬਰ ਤੋਂ ਪਹਿਲਾਂ ਕਿਹੜਾ ਨੰਬਰ ਆਉਂਦਾ ਹੈ ਅਤੇ ਉਸ ਤੋਂ ਬਾਅਦ ਵਿੱਚ ਕਿਹੜਾ ਨੰਬਰ ਆਉਂਦਾ ਹੈ।

## ਗਿਣਤੀ ਹਰ ਰੋਜ਼ ਕਰਨਾ

ਤੁਸੀਂ ਗਿਣਤੀ ਨੂੰ ਰੋਜ਼ ਦੀਆਂ ਗਤੀਵਿਧੀਆਂ ਦਾ ਇੱਕ ਹਿੱਸਾ ਬਣਾ ਸਕਦੇ ਹੋ, ਜਿਵੇਂ ਕਿ:

- ਕਿਸੇ ਫਲ ਨੂੰ ਛੇ ਹਿੱਸਿਆਂ ਵਿੱਚ ਕੱਟੋ ਅਤੇ ਆਪਣੇ ਬੱਚੇ ਨੂੰ ਕਹੋ ਕਿ ਟੁਕੜਿਆਂ ਦੀ ਗਿਣਤੀ ਕਰੇ।
- ਸਵੇਰੇ ਨਾਸ਼ਤੇ ਵਿੱਚ ਤੁਸੀਂ ਕਿੰਨੇ ਟੋਸਟ ਬਣਾਏ ਹਨ ਉਸਦੀ ਗਿਣਤੀ ਕਰੇ।
- ਮੇਜ਼ ਉੱਤੇ ਛੁਰੀ–ਕਾਂਟਾ ਆਦਿ (cutlery) ਦੀਆਂ ਕੁਲ ਕਿੰਨੀਆਂ ਇਕਾਈਆਂ ਪਈਆਂ ਹਨ, ਉਸਦਾ ਜੋੜ ਕੱਢੇ।
- ਕਾਰ ਦੇ ਵਿੱਚ ਜਾਂ ਬੱਸ ਦੇ ਵਿੱਚ ਕਿੰਨੇ ਲੋਕ ਸਫਰ ਕਰ ਰਹੇ ਹਨ, ਉਸਦੀ ਗਿਣਤੀ ਕਰੇ।
- ਗਲੀ ਵਿੱਚ ਚੱਲਦੇ ਹੋਏ ਤੁਸੀਂ ਕਿੰਨੇ ਘਰਾਂ ਨੂੰ ਲੰਘ ਕੇ ਜਾਂਦੇ ਹੋ, ਉਸਦੀ ਗਿਣਤੀ ਕਰੇ।

- ਗਿਣਤੀ ਕਰੇ ਕਿ ਰਸੋਈ ਤੋਂ ਲੈ ਕੇ ਬਾਥਰੂਮ ਤੱਕ ਜਾਣ ਵਿੱਚ ਕਿੰਨੇ ਕਦਮ ਲੱਗਦੇ ਹਨ।
- ਆਪਣੇ ਬੱਚੇ ਦੇ ਨਾਲ ਘਰ ਦੇ ਲਈ ਖਾਣ-ਪੀਣ ਦਾ ਸਮਾਨ ਖਰੀਦਣ ਦੇ ਵੇਲੇ ਗਿਣਤੀ ਦਾ ਅਭਿਆਸ ਕਰੋ (ਉਦਾਹਰਣ ਦੇ ਲਈ, ਗਿਣਤੀ ਕਰੋ ਕਿ ਤੁਸੀਂ ਥੈਲੇ ਵਿੱਚ ਕਿੰਨੇ ਸੇਬ ਰੱਖੇ ਹਨ)।
- ਆਪਣੇ ਬੱਚੇ ਨੂੰ

ਉਤਸ਼ਾਹਿਤ ਕਰੋ ਕਿ ਇਸ ਬਾਰੇ ਗੱਲ ਕਰੇ ਕਿ ਉਸਨੇ ਜੋ ਤਸਵੀਰ ਬਣਾਈ ਹੈ, ਉਸ ਦੇ ਵਿੱਚ ਕਿੰਨੀਆਂ ਚੀਜ਼ਾਂ ਹਨ।

## ਨੰਬਰ ਲੱਭ ਕੇ ਵਿਖਾਉਣਾ / ਨੰਬਰ ਹੰਟਿੰਗ (**Hunting for numbers**)

ਨੰਬਰ ਹੰਟ ਤੁਹਾਡੇ ਬੱਚੇ ਦੇ ਲਈ ਇੱਕ ਮਨੋਰੰਜਕ ਅਤੇ ਰੁਝਾਉਣ ਵਾਲੀ (engaging) ਗਤੀਵਿਧੀ ਹੈ। ਆਪਣੇ ਬੱਚੇ ਨੂੰ ਕਹੋ ਕਿ ਤੁਹਾਡੇ ਆਸ ਪਾਸ ਮੌਜੂਦ ਨੰਬਰਾਂ ਨੂੰ ਲੱਭੇ। ਕਾਰ ਦੀਆਂ ਨੰਬਰ ਪਲੇਟਾਂ, ਸਾਈਨ, ਕਲੰਡਰ, ਅਖਬਾਰਾਂ, ਖਰੀਦਦਾਰੀ ਦੇ ਕੈਟਾਲਾਗ, ਸਪੀਡ ਸਾਈਨ ਅਤੇ ਘਰਾਂ ਉੱਤੇ ਛਪੇ ਨੰਬਰਾਂ ਨੂੰ ਵੇਖੋ ਅਤੇ ਬੋਲੋ।

## ਤਾਸ਼ ਦੇ ਪੱਤਿਆਂ ਦਾ ਇਸਤੇਮਾਲ ਕਰਨਾ

ਤਾਸ਼ ਦੇ ਪੱਤਿਆਂ ਦੇ ਨਾਲ ਖੇਡਣਾ ਹਮੇਸ਼ਾ ਹੀ ਇੱਕ ਮਨੋਰੰਜਕ ਗਤੀਵਿਧੀ ਹੁੰਦੀ ਹੈ, ਖਾਸ ਕਰ ਕੇ ਮੀਂਹ ਵਾਲੇ ਦਿਨ ਜਾਂ ਛੁੱਟੀਆਂ ਦੇ ਦਿਨਾਂ ਵਿੱਚ।

ਤੁਸੀਂ:

- ਤਾਸ਼ ਦੇ ਪੱਤਿਆਂ ਦੇ ਨਾਲ, ਮੇਲ ਖਾਂਦੇ ਨੰਬਰ ਵਾਲੀਆਂ ਖੇਡਾਂ ਖੇਡੋ ਜਿਵੇਂ ਕਿ 'Snap'
- ਤਾਸ਼ ਦੇ ਪੱਤਿਆਂ ਨੂੰ ਛੋਟੇ ਤੋਂ ਸ਼ੁਰੂ ਹੋ ਕੇ ਸਭ ਤੋਂ ਵੱਡੇ ਨੰਬਰ ਤੱਕ ਇੱਕ ਕ੍ਰਮ ਵਿੱਚ ਲਗਾਉ, ਜਾਂ ਸਭ ਤੋਂ ਵੱਡੇ ਤੋਂ ਸ਼ੁਰੂ ਹੋ ਕੇ ਸਭ ਤੋਂ ਛੋਟੇ ਨੰਬਰ ਦੇ ਕ੍ਰਮ ਵਿੱਚ।

## ਦੁਕਾਣ ਦੀ ਖੇਡ ਖੇਡਣਾ (ਪਲੇ ਸ਼ਾਪ)

ਦੁਕਾਣ ਖੇਡਣਾ, ਤੁਹਾਡੇ ਬੱਚੇ ਦੇ ਸਿੱਖੇ ਗਣਿਤ ਦੇ ਪੈਰ ਅਸਲੀ ਦੁਨੀਆਂ ਦੇ ਅੰਦਰ ਜਮਾਉਣ ਦੇ ਵਿੱਚ ਮਦਦ ਕਰਦਾ ਹੈ ਅਤੇ ਨਾਲ ਹੀ ਨਾਲ ਉਨ੍ਹਾਂ ਦੀ ਸਮਾਜਿਕ ਕੁਸ਼ਲਤਾ ਦਾ ਵਿਕਾਸ ਕਰਨ ਵਿੱਚ ਵੀ ਮਦਦ ਕਰਦਾ ਹੈ। ਪਲੇ ਸ਼ਾਪ ਕਰਨ ਦਾ ਇੱਕ ਤਰੀਕਾ ਹੈ ਕਿ ਘਰ ਦੇ ਅੰਦਰ ਹੀ ਇੱਕ ਛੋਟੀ ਜਿਹੀ ਦੁਕਾਨ ਬਣਾ ਲਉ। ਇੱਥੇ ਕੁਝ ਸੁਝਾਅ ਅਤੇ ਗਤੀਵਿਧੀਆਂ ਦੱਸੀਆਂ ਗਈਆਂ ਹਨ:

- ਘਰ ਅੰਦਰੋਂ ਖਾਣ-ਪੀਣ ਦਾ ਸਾਮਾਨ ਅਤੇ ਭੋਜਨ ਦੇ ਪਦਾਰਥ ਇਕੱਠੇ ਕਰ ਲਉ ਅਤੇ ਉਨ੍ਹਾਂ ਉੱਤੇ ਉਨ੍ਹਾਂ ਦੀ ਕੀਮਤ ਦਾ ਸਟੀਕੀ ਨੋਟਸ ਦਾ ਲੇਬਲ ਲਗਾ ਲਉ, ਜਾਂ ਸ਼ਾਪਿੰਗ ਕੈਟਾਲਾਗ (shopping catalogue) ਅੰਦਰੋਂ ਕੀਮਤਾਂ ਕੱਟ ਕੇ ਲਗਾ ਦਿਉ।
- ਅਸੀਂ ਕਿਸ ਤਰੀਕੇ ਦੇ ਨਾਲ ਸਿੱਕਿਆਂ, ਨੋਟਾਂ ਅਤੇ ਕਾਰਡ ਰਾਹੀਂ ਭੁਗਤਾਨ ਕਰਦੇ ਹਾਂ ਉਸ ਦੇ ਬਾਰੇ ਗੱਲ ਕਰੋ।
- ਕਾਗਜ਼ ਦੇ ਪੈਸੇ ਬਣਾ ਲਉ ਜਾਂ ਫੇਰ ਖੇਡਣ ਦੇ ਲਈ ਬਣੇ ਪੈਸਿਆਂ ਦਾ ਇਸਤੇਮਾਲ ਕਰਦੇ ਹੋਏ

ਉਸ ਛੋਟੀ ਦੁਕਾਨ ਤੋਂ ਸਮਾਨ ਦੀ ਖਰੀਦ-ਵੇਚ ਕਰੋ।

- ਪੁਰਾਣੀਆਂ ਰਸੀਦਾਂ ਜਾਂ ਕੀਮਤ ਦੇ ਟੈਗ ਇਕੱਠੇ ਕਰੋ ਅਤੇ ਉਨ੍ਹਾਂ ਨੂੰ ਉਸ ਛੋਟੀ ਦੁਕਾਨ ਦੇ ਅੰਦਰ ਇਸਤੇਮਾਲ ਕਰੋ।
- ਵੱਖ ਵੱਖ ਸਿੱਕਿਆਂ ਦੀਆਂ ਵਿਸ਼ੇਸ਼ਤਾਵਾਂ ਵੱਲ ਧਿਆਨ ਦਿਉ, ਜਿਸ ਵਿੱਚ ਸ਼ਾਮਿਲ ਹੈ ਕਿ ਉਹ ਕਿਸ ਅਕਾਰ ਦੇ ਹਨ ਅਤੇ ਉਨ੍ਹਾਂ ਉੱਤੇ ਕਿਹੜੇ ਜਾਨਵਰ ਜਾਂ ਲੋਕ ਦਿਖਾਏ ਗਏ ਹਨ। ਇਨ੍ਹਾਂ ਫਰਕਾਂ ਬਾਰੇ ਚਰਚਾ ਕਰੋ। ਕਾਗਜ਼ ਅਤੇ ਪੈਂਸਿਲ ਦੇ ਨਾਲ coin rubbings ਬਣਾਉ (ਕਾਗਜ਼ ਨੂੰ ਸਿੱਕੇ ਉੱਤੇ ਰੱਖ ਕੇ ਪੈਂਸਿਲ ਦੇ ਨਾਲ ਰਗੜ ਕੇ ਸਿੱਕੇ ਦਾ ਅਕਾਰ ਕਾਗਜ਼ ਤੇ ਉਤਾਰਨਾ)।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਖਾਣ ਪੀਣ ਦੇ ਪਦਾਰਥਾਂ ਨੂੰ ਉਨ੍ਹਾਂ ਦੀ ਉਚਾਈ ਦੇ ਹਿਸਾਬ ਨਾਲ ਇੱਕ ਕ੍ਰਮ ਵਿੱਚ ਲਗਾਏ (ਸਭ ਤੋਂ ਲੰਬੇ ਤੋਂ ਲੈ ਕੇ ਸਭ ਤੋਂ ਛੋਟੇ ਤੱਕ) ਜਾਂ ਫਿਰ ਉਨ੍ਹਾਂ ਦੀ ਕੀਮਤ ਦੇ ਹਿਸਾਬ ਨਾਲ (ਸਭ ਤੋਂ ਸਸਤੇ ਤੋਂ ਲੈ ਕੇ ਸਭ ਤੋਂ ਮਹਿੰਗੇ ਤੱਕ)।
- ਤੁਹਾਡੀ ਛੋਟੀ ਸ਼ਾਪ ਦੇ ਵਿੱਚ ਰਸੋਈ ਦੇ ਸਕੇਲ (kitchen scale) ਦਾ ਇਸਤੇਮਾਲ ਸ਼ੁਰੂ ਕਰੋ, ਜਿਵੇਂ ਕਿ ਚਾਹ ਦੇ ਬੈਗਜ਼ (tea bags) ਦਾ ਬਕਸਾ ਜਾਂ ਚਾਵਲਾਂ ਦਾ ਬੈਗ, ਅਤੇ ਚੀਜ਼ਾਂ ਨੂੰ ਉਨ੍ਹਾਂ ਦੇ ਭਾਰ ਦੇ ਹਿਸਾਬ ਨਾਲ ਕ੍ਰਮ (order) ਵਿੱਚ ਲਿਖੋ / ਰੱਖੋ।

## ਖੇਡਾਂ ਖੇਡਣੀਆਂ

ਗਣਿਤ ਨੂੰ ਖੇਡਾਂ ਦੇ ਨਾਲ ਮਨੋਰੰਜਕ ਅਤੇ ਸੰਵਾਦਾਤਮਕ (interactive) ਬਨਾਉਣ ਦੇ ਨਾਲ ਤੁਹਾਡੇ ਬੱਚੇ ਅੰਦਰ ਰੁਝਾਨ ਪੈਦਾ ਹੋਵੇਗਾ।

ਇੱਥੇ ਕੁਝ ਪ੍ਰਭਾਵੀ ਵਿਚਾਰ (ideas) ਦੱਸੇ ਗਏ ਹਨ:

- ਆਪਣੇ ਬੱਚੇ ਨੂੰ ਆਕਾਰਾਂ, ਨੰਬਰਾਂ ਅਤੇ ਇੱਕੋ ਰੂਪ ਰਚਨਾ ਵਾਲੀਆਂ ਚੀਜ਼ਾਂ (patterns) ਦੀ ਪਹਿਚਾਣ ਕਰਨ ਵਿੱਚ ਮਦਦ ਕਰਨ ਦੇ ਲਈ 'ਆਈ ਸਪਾਈ' ('I Spy') ਜਾਂ ਹੋਰ ਖੇਡਾਂ ਖੇਡੋ।
- ਬੋਰਡ ਖੇਡਾਂ (Board games) ਇੱਕ ਮਨੋਰੰਜਕ ਤਰੀਕਾ ਹੈ ਜਿਸ ਦੇ ਨਾਲ ਤੁਸੀਂ ਸਾਰੇ ਪਰਿਵਾਰ ਨੂੰ ਗਣਿਤ ਦੇ ਵਿੱਚ ਸ਼ਾਮਿਲ ਕਰ ਸਕਦੇ ਹੋ। ਪਾਸਾ (Dice) ਸੁੱਟਣ ਤੋਂ ਬਾਅਦ ਗਿਣਨ ਦੇ ਵਿੱਚ ਆਪਣੇ ਬੱਚੇ ਦੀ ਮਦਦ ਕਰੋ ਅਤੇ ਪਾਸੇ ਉੱਤੇ ਆਏ ਨੰਬਰ ਦੀ ਗਿਣਤੀ ਤੱਕ ਪਹੁੰਚਣ ਤੇ ਚਾਲ ਰੋਕ ਦਿਉ।
- ਪਾਸਾ ਇਸਤੇਮਾਲ ਕਰਦੇ ਵੇਲੇ, ਹੋ ਸਕਦਾ ਹੈ ਕਿ ਤੁਹਾਡਾ ਬੱਚਾ ਪਾਸੇ ਦੇ ਮੂੰਹ ਉੱਤੇ ਛਪੀਆਂ ਬਿੰਦੀਆਂ ਨੂੰ ਗਿਣੇਗਾ/ਗਿਣੇਗੀ, ਇਹ ਜਾਨਣ ਲਈ ਕਿ ਪੂਰਾ ਨੰਬਰ ਕੀ ਹੈ। ਵਕਤ ਦੇ ਨਾਲ ਉਹ ਆਪਣੇ ਆਪ ਹੀ ਪਾਸੇ ਉੱਤੇ ਆਏ ਨੰਬਰ ਨੂੰ ਬਗੈਰ ਬਿੰਦੀਆਂ ਗਿਣੇ ਪਹਿਚਾਨਣਾ ਸ਼ੁਰੂ ਕਰ ਦੇਵੇਗਾ/ਦੇਵੇਗੀ।
- ਵੀਕਟੋਰੀਅਨ ਗਣਿਤ ਚੈਲੇਂਜ (Victorian Maths Challenge), ਪਰਿਵਾਰਾਂ ਦੇ ਲਈ ਅਸਲ ਜੀਵਨ ਨੂੰ ਗਣਿਤ ਦੇ ਵਿੱਚ ਰੁਝਾਉਣ ਦਾ, ਅਤੇ ਰਲ ਮਿਲ ਕੇ ਸਮੱਸਿਆਵਾਂ ਦਾ ਹੱਲ ਕੱਢਣ ਦਾ, ਇੱਕ ਮਸਤੀ ਭਰਿਆ ਅਤੇ ਰੁਝਾਉਪੂਰਕ ਤਰੀਕਾ ਹੈ: Victorian Maths Challenge

ਆਪਣੇ ਬੱਚੇ ਦੇ ਨਾਲ ਆਨਲਾਈਨ, ਨੰਬਰਾਂ ਵਾਲੀਆਂ ਖੇਡਾਂ ਖੇਡੋ।ਆਨਲਾਈਨ ਸਰੋਤਾਂ ਨੂੰ ਲੱਭਣਾ ਸ਼ੁਰੂ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਇੱਥੇ ਕੁਝ ਵਧੀਆ ਵੈਬਸਾਈਟਾਂ ਦੱਸੀਆਂ ਗਈਆਂ ਹਨ:

- Home Page - FUSE - Department of Education & Training (ਅਰਲੀ ਚਾਈਲਡਹੁੱਡ ਜਾਂ ਪ੍ਰਾਈਮਰੀ ਵਿਦਿਆਰਥੀ ਟੈਬ ਚੁਣੋ)
- Resources for Primary and Secondary Students - ABC Education
- ICT Games Educational games for Infant and Junior school children

## ਆਕਾਰਾਂ ਦੇ ਨਾਲ ਖੇਡਣਾ

ਆਕਾਰਾਂ ਦੇ ਨਾਲ ਖੇਡਣਾ ਤੁਹਾਡੇ ਬੱਚੇ ਦੀ ਵੱਖਰੇ ਆਕਾਰਾਂ ਪ੍ਰਤੀ ਜਾਗਰੂਕਤਾ ਦੇ ਵਿਕਾਸ ਵਿੱਚ ਮਦਦ ਕਰਦਾ ਹੈ। ਇਹ ਉਨ੍ਹਾਂ ਦੇ ਹੱਥ-ਅੱਖ ਦੇ ਤਾਲਮੇਲ ਦੇ ਵਿੱਚ ਵੀ ਸੁਧਾਰ ਕਰਦਾ ਹੈ।

ਇੱਥੇ ਕੁਝ ਸੁਝਾਅ ਅਤੇ ਗਤੀਵਿਧੀਆਂ ਦੱਸੀਆਂ ਗਈਆਂ ਹਨ:

- ਜਿਗਸਾ ਬੁਝਾਰਤਾਂ (Jigsaw puzzles), tangrams ਜਾਂ ਆਕਾਰ ਦੇ ਆਧਾਰ ਤੇ ਛਟਾਈ ਕੀਤੇ ਜਾਣ ਵਾਲੇ ਖਿਡੌਣੇ, ਤੁਹਾਡੇ ਬੱਚੇ ਦੀ ਸਥਾਨਕ ਜਾਗਰੁਕਤਾ (spatial awareness) ਅਤੇ ਸਮੱਸਿਆ ਸੁਲਝਾਉਣ ਦੀ ਕੁਸ਼ਲਤਾ ਸਿਖਾਉਣ ਦੇ ਵਿੱਚ ਮਦਦ ਕਰਦੇ ਹਨ।
- ਆਕਾਰਾਂ ਦੇ ਅੰਦਰ ਜੋ ਸਮਾਨਤਾਵਾਂ ਅਤੇ ਜੋ ਅੰਤਰ ਹਨ ਉਨ੍ਹਾਂ ਦਾ ਨਾਮ ਲਉ ਅਤੇ ਉਨ੍ਹਾਂ ਵੱਲ ਧਿਆਨ ਦਿਉ। ਜਿਵੇਂ ਕਿ ਗੋਲਾਈ ਵਾਲੇ, ਕੋਨਿਆਂ ਵਾਲੇ ਜਾਂ ਧਾਰ (edge) ਵਾਲੇ ਆਕਾਰ।
- ਕਾਗਜ਼ ਤੇ ਆਕਾਰ ਬਨਾਉਣ ਵਿੱਚ ਆਪਣੇ ਬੱਚੇ ਦੀ ਮਦਦ ਕਰੋ, ਆਕਾਰਾਂ ਨੂੰ ਕੈਂਚੀ ਨਾਲ ਕੱਟ ਲਉ ਅਤੇ ਉਨ੍ਹਾਂ ਨੂੰ ਸਮੂਹਾਂ ਵਿੱਚ ਵੰਡ ਲਉ। ਆਪਣੇ ਬੱਚੇ ਨੂੰ ਕਹੋ ਕਿ ਸਮਝਾਵੇ ਕਿ ਉਨ੍ਹਾਂ ਨੇ ਆਕਾਰਾਂ ਨੂੰ ਇਸ ਤਰੀਕੇ ਨਾਲ ਕਿਉਂ ਵੰਡਿਆ ਹੈ।
- ਵੱਖ ਵੱਖ ਆਕਾਰਾਂ ਬਾਰੇ ਜਾਨਣ ਲਈ, ਕਲੇ (play dough) ਦਾ ਇਸਤੇਮਾਲ ਕਰਦੇ ਹੋਏ, ਕੂਕੀ ਕਟਰ (cookie cutters) ਦਾ ਇਸਤੇਮਾਲ ਕਰੋ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਆਪਣੇ ਰੋਜ਼ ਦੇ ਜੀਵਨ ਵਿੱਚ ਆਕਾਰਾਂ ਨੂੰ ਪਹਿਚਾਨਣ ਜਿਵੇਂ ਕਿ ਗੋਲ ਬਾੱਲ, ਚੌਰਸ ਖਿੜਕੀ ਜਾਂ ਛੇ ਕੋਨਿਆਂ ਵਾਲਾ (hexagonal) 'ਸਟੌਪ' ਦਾ ਸਾਈਨ।
- ਰਲ ਮਿਲ ਕੇ ਕਾਗਜ਼ ਦੇ ਜਹਾਜ਼ ਬਨਾਉਣਾ, ਗਣਿਤ ਦੇ ਕਈ ਸਿਧਾਂਤਾਂ ਨੂੰ ਜੋੜਦਾ ਹੈ, ਜਿਸ ਵਿੱਚ ਕੋਣ (angles), ਆਕਾਰ , ਅੱਧ ਕਰਨਾ ਅਤੇ ਸਮਰੂਪਤਾ ਸ਼ਾਮਿਲ ਹਨ।
- ਇੱਕ ਵਾਰ ਜਦ ਇਹ ਪੂਰਾ ਹੋ ਜਾਵੇ, ਤਾਂ ਤੁਸੀਂ ਤੁਲਨਾ ਕਰ ਸਕਦੇ ਹੋ ਕਿ ਕਿਹੜਾ ਜਹਾਜ਼ ਸਭ ਤੋਂ ਦੂਰ ਤੱਕ ਗਿਆ ਅਤੇ ਇਹ ਮਾਪਣ ਵਿੱਚ ਮਸਤੀ ਵੀ ਕਰ ਸਕਦੇ ਹੋ।

- ਇਮਾਰਤੀ ਬਲਾਕਸ ਦਾ ਇਸਤੇਮਾਲ ਕਰਦੇ ਹੋਏ ਇੱਕ ਮੀਨਾਰ (tower) ਬਣਾਉ। ਜਿੰਨੇ ਬਲਾਕ ਲੱਗੇ, ਆਪਣੇ ਬੱਚੇ ਨੂੰ ਕਹੋ ਕਿ ਉਨੇ ਹੀ ਬਲਾਕਾਂ ਦਾ ਇਸਤੇਮਾਲ ਕਰਦੇ ਹੋਏ ਇੱਕ ਹੋਰ ਮੀਨਾਰ ਬਣਾਵੇ ਜੋ ਕਿ ਪਹਿਲੀ ਮੀਨਾਰ ਨਾਲੋਂ ਵੱਖਰੀ ਹੋਵੇ।

## ਪੈਟਰਨ (**Pattern**) ਬਨਾਉਣਾ

ਇੱਕੋ ਰੂਪ-ਰਚਨਾ ਵਾਲੀਆਂ ਚੀਜ਼ਾਂ (patterns) ਨੂੰ ਪਛਾਨਣਾ ਅਤੇ ਬਨਾਉਣਾ, ਗਣਿਤ ਦੇ ਮਹੱਤਵਪੂਰਨ ਹੁਨਰ ਹਨ ਜਿਨ੍ਹਾਂ ਨਾਲ ਨੰਬਰਾਂ, ਆਕਾਰਾਂ ਅਤੇ ਸਮਰੂਪਤਾ (symmetry) ਬਾਰੇ ਜਾਣਿਆ ਜਾ ਸਕਦਾ ਹੈ।

ਗਤੀਵਿਧੀਆਂ ਵਿੱਚ ਸ਼ਾਮਿਲ ਹਨ:

- ਕੱਪੜਿਆਂ, ਰੈਪਿੰਗ ਪੇਪਰ, ਇਮਾਰਤਾਂ, ਬਰਤਨਾਂ, ਤਾਸ਼ ਦੇ ਪੱਤਿਆਂ ਅਤੇ ਫਰਨੀਚਰ ਦੇ ਉੱਤੇ ਨਜ਼ਰ ਆਉਣ ਵਾਲੇ ਪੈਟਰਨ ਪਛਾਨਣਾ ਅਤੇ ਸਮਝਾਉਣਾ। ਇੱਕ ਸਕ੍ਰੈਪਬੁੱਕ ਬਣਾਉ ਜਿਸ ਨੂੰ ਕਲਾ ਅਤੇ ਸ਼ਿਲਪ (arts and crafts) ਦੇ ਦੌਰਾਨ, ਵਿਚਾਰਾਂ ਦੇ ਲਈ ਮੁੜ ਵੇਖ ਸਕੋ।
- ਰੰਗੀਨ ਖੂੰਟੀਆਂ (pegs), ਬਲੱਾਕ, ਮਣਕਿਆਂ (beads) ਜਾਂ ਛੁਰੀ-ਕਾਂਟਿਆਂ (cutlery) ਦਾ ਇਸਤੇਮਾਲ ਕਰਦੇ ਹੋਏ ਇੱਕ ਪੈਟਰਨ ਬਣਾਉ ਜਿਸ ਨੂੰ ਤੁਹਾਡਾ ਬੱਚਾ ਅੱਗੇ ਬਣਾਏ। ਇੱਕ ਵਾਰ ਆਤਮਵਿਸ਼ਵਾਸ ਆ ਜਾਵੇ, ਉਨ੍ਹਾਂ ਨੂੰ ਕਹੋ ਕਿ ਆਪਣਾ ਆਪ ਦਾ ਕੋਈ ਪੈਟਰਨ ਬਨਾਉਣ।
- ਕੋਸ਼ਿਸ਼ ਕਰ ਕੇ ਰਿਧਮ (rhythm) ਦੇ ਵਿੱਚ ਕੁਝ ਪੈਟਰਨ ਸ਼ਾਮਲ ਕਰੋ। ਤਾੜੀਆਂ ਦਾ ਇੱਕ ਪੈਟਰਨ ਬਣਾਉ ਅਤੇ ਆਪਣੇ ਬੱਚੇ ਨੂੰ ਕਹੋ ਕਿ ਉਸਦੀ ਨਕਲ ਕਰੇ ਅਤੇ ਫਿਰ ਆਪਣਾ ਹੀ ਕੋਈ ਪੈਟਰਨ ਬਣਾਵੇ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਆਪਣੇ ਆਪ ਦੇ ਪੈਟਰਨ ਬਣਾਵੇ, ਕਾਗਜ਼ ਦੇ ਉੱਤੇ ਉਤਾਰੇ ਅਤੇ ਉਨ੍ਹਾਂ ਦੀ ਵਿਆਖਿਆ ਕਰੇ। ਉਨ੍ਹਾਂ ਦਾ ਇਸਤੇਮਾਲ ਗ੍ਰੀਟਿੰਗ ਕਾਰਡਜ਼ ਦੇ ਬਾਰਡਰ ਉੱਤੇ ਕਰੇ।

## ਗਣਿਤ ਦੇ ਨਾਲ ਚੱਲਣਾ

ਗਿਣਤੀ ਦੇ ਅਨੁਭਵ ਦੇ ਲਈ ਇਹ ਆਇਡੀਏ (ideas) ਸ਼ਰੀਰ ਦੇ ਚੱਲਣ-ਫਿਰਨ ਨੂੰ ਇਸਤੇਮਾਲ ਕਰਦੇ ਹਨ:

- ਜਦ ਤੁਸੀਂ ਖੇਡ ਰਹੇ ਹੋਵੋ ਤਾਂ ਗੇਂਦ ਦੇ ਹਰ ਇੱਕ ਠੱਪੇ ਨੂੰ ਗਿਣੋ।
- ਅਨੁਮਾਨ ਲਗਾਉ ਕਿ … ਤੱਕ ਪਹੁੰਚਣ ਦੇ ਲਈ ਕਿੰਨੀਆਂ ਛਲਾਂਗਾਂ ਲੱਗਣਗੀਆਂ, ਇਸ ਤੋਂ ਬਾਅਦ ਇਹ ਕਿ …ਤੱਕ ਪਹੁੰਚਣ ਦੇ ਲਈ ਕਿੰਨੀਆਂ ਛਲਾਂਗਾਂ ਲੱਗਦੀਆਂ ਹਨ।
- ਆਪਣੇ ਬੱਚੇ ਦੇ ਨਾਲ ਪੌੜੀਆਂ ਚੜ੍ਹਦੇ ਵੇਲੇ, ਜਾਂ ਪਾਰਕ ਬੈਂਚ ਤੋਂ ਲੈ ਕੇ ਝੂਟੇ ਤੱਕ ਚਲਦੇ ਹੋਏ, ਆਪਣੇ ਬੱਚੇ ਦੇ ਨਾਲ ਗਿਣਤੀ ਕਰੋ।
- ਆਪਣੇ ਬੱਚੇ ਨੂੰ ਕਹੋ ਕਿ ਆਪਣੇ ਕਿਸੇ ਦੋਸਤ ਦੇ ਨਾਲ ਮਿਲ ਕੇ, see-saw ਦੇ ਝੂਟੇ ਉੱਤੇ ਆਪਣੇ ਭਾਰ ਦੇ ਨਾਲ ਸੰਤੁਲਨ ਬਨਾਉਣ ਦੇ ਤਰੀਕੇ ਲੱਭਣ।

- ਅਜਿਹੀਆਂ ਰ੍ਹਾਇਮਜ਼ (rhymes) ਅਤੇ ਗਾਣੇ ਗਾਉ ਜਿਨ੍ਹਾਂ ਵਿੱਚ ਰੱਸੀ ਕੁੱਦਦੇ ਹੋਏ ਗਿਣਤੀ ਕਰਨਾ ਸ਼ਾਮਿਲ ਹੋਵੇ।

ਚੀਜ਼ਾਂ ਮਾਪਣਾ

ਤੁਹਾਡੇ ਬੱਚੇ ਦੀ ਗਣਿਤ ਦੀ ਸਮਝ ਦੇ ਵਿੱਚ ਮਾਪ ਅਤੇ ਸਕੇਲ ਬਹੁਤ ਹੀ ਮਹੱਤਵਪੂਰਨ ਹਨ।

ਇੱਥੇ ਕੁਝ ਸੁਝਾਅ ਅਤੇ ਗਤੀਵਿਧੀਆਂ ਦਿੱਤੀਆਂ ਗਈਆਂ ਹਨ:

- ਪਰਿਵਾਰ ਦੇ ਲੋਕਾਂ ਦੀ ਲੰਬਾਈ ਮਾਪਣ ਦੇ ਲਈ, ਦੀਵਾਰ ਉੱਤੇ ਇੱਕ ਮਾਪਣ ਵਾਲੇ ਚਾਰਟ ਦਾ ਇਸਤੇਮਾਲ ਕਰੋ।
- ਆਪਣੇ ਬੱਚੇ ਦੇ ਨਾਲ ਗੱਲ ਕਰੋ ਕਿ ਉਨ੍ਹਾਂ ਦੇ ਆਲੇ ਦੁਆਲੇ ਕਿਹੜੀਆਂ ਵਸਤੂਆਂ ਹਨ ਅਤੇ ਉਨ੍ਹਾਂ ਦੀ ਇਹ ਫੈਸਲਾ ਲੈਣ ਦੇ ਵਿੱਚ ਮਦਦ ਕਰੋ ਕਿ ਕਿਹੜਾ ਵੱਡਾ ਹੈ ਅਤੇ ਕਿਹੜਾ ਛੋਟਾ, ਕਿਹੜਾ ਲੰਬਾ ਹੈ ਅਤੇ ਕਿਹੜਾ ਛੋਟਾ।
- ਆਪਣੇ ਬੱਚੇ ਦੇ ਲਈ ਕਿਸੇ ਧਾਗੇ ਦਾ ਕੁਝ ਹਿੱਸਾ ਕੱਟ ਲਉ – ਕਿਸੇ ਵੀ ਲੰਬਾਈ ਦਾ ਹੋਵੇ। ਉਸ ਧਾਗੇ ਦਾ ਇਸਤੇਮਾਲ ਘਰ ਦੀਆਂ ਵਸਤੂਆਂ ਨਾਪਣ ਦੇ ਲਈ ਕਰੋ, ਇਹ ਜਾਨਣ ਦੇ ਲਈ ਕਿ ਤੁਹਾਡੀ 'ਧਾਗੇ ਦੀ ਮਾਪਣ ਵਾਲੀ ਟੇਪ' ਨਾਲੋਂ ਕਿਹੜੀਆਂ ਚੀਜ਼ਾਂ ਲੰਬੀਆਂ ਹਨ ਅਤੇ ਕਿਹੜੀਆਂ ਛੋਟੀਆਂ। ਆਪਣੇ ਬੱਚੇ ਨੂੰ ਕਹੋ ਕਿ ਕੋਈ ਵੀ ਅਜਿਹੀ ਚੀਜ਼ ਦੀ ਪਛਾਣ ਕਰੇ ਜੋ ਕਿ ਬਿਲਕੁਲ ਉਸ ਦੀ ਲੰਬਾਈ ਦੀ ਹੈ।
- ਮਾਪਣ ਦੇ ਹੋਰ ਤਰੀਕਿਆਂ ਦੀ ਖੋਜ ਕਰਨ ਦੀ ਕੋਸ਼ਿਸ਼ ਕਰੋ, ਜਿਵੇਂ ਕਿ ਕੱਪ, ਜੱਗ, ਛੋਟੇ ਚਮਚੇ, ਆਈਸਕ੍ਰੀਮ ਦੀਆਂ ਡੰਡੀਆਂ (icy pole sticks), ਪੈਰ ਦੇ ਨਿਸ਼ਾਨ ਜਾਂ ਹੱਥਾਂ ਦੀ ਲੰਬਾਈ।
- ਆਪਣੇ ਬੱਚੇ ਨੂੰ ਕਹੋ ਕਿ ਬਲਾਕਸ ਦੀ ਇੱਕ ਮੀਨਾਰ (tower) ਬਣਾਵੇ ਜੋ ਕਿ ਕਿਸੇ ਮਨਪਸੰਦ ਖਿਡੌਣੇ ਨਾਲੋਂ ਉੱਚੀ ਹੋਵੇ। ਆਪਣੇ ਬੱਚੇ ਨੂੰ ਕਹੋ ਕਿ ਟਾਵਰ ਦੀ ਉਚਾਈ ਮਾਪਣ ਦੇ ਲਈ ਇਹ ਗਿਣਤੀ ਕਰੇ ਕਿ ਕਿੰਨੇ ਬਲਾਕ ਹਨ।
- ਅੰਦਾਜ਼ਾ ਲਗਾਉ ਅਤੇ ਮਾਪੋ ਕਿ ਕੌਣ ਸਭ ਤੋਂ ਦੂਰ ਤੱਕ ਛਲਾਂਗ ਲਗਾ ਸਕਦਾ ਹੈ, ਜਾਂ ਕੌਣ ਇੱਕ ਪੈਰ ਦੇ ਉੱਪਰ ਜ਼ਿਆਦਾ ਦੇਰ ਤੱਕ ਖੜਾ ਰਹਿ ਸਕਦਾ ਹੈ, ਜਾਂ ਕਿੰਨੇ ਬਟਨ ਕਿਸੇ ਮਰਤਬਾਨ ਨੂੰ ਭਰ ਸਕਦੇ ਹਨ।
- ਵੱਖ ਵੱਖ ਬਰਤਨ ਕਿੰਨੇ ਕਿੰਨੇ ਵੱਡੇ ਹਨ ਇਸ ਬਾਰੇ ਜਾਨਣ ਦੀ ਕੋਸ਼ਿਸ਼ ਕਰਨ ਦੇ ਲਈ ਉਨ੍ਹਾਂ ਅੰਦਰ ਚੀਜ਼ਾਂ ਪਾਉ ਜਾਂ ਭਰੋ। ਅੰਦਾਜ਼ਾ ਲਗਾਉ, ਇਸ ਤੋਂ ਬਾਅਦ ਵੇਖੋ ਕਿ ਕਿਹੜਾ ਬਰਤਨ ਆਪਣੇ ਅੰਦਰ ਜ਼ਿਆਦਾ ਅਤੇ ਕਿਹੜਾ ਘੱਟ ਸਮਾ ਸਕਦਾ ਹੈ।
- ਮੌਸਮ ਦੇ ਵਿੱਚ ਹੋ ਰਹੇ ਬਦਲਾਵ ਅਤੇ ਦਿਨ ਦਾ ਕਿਹੜਾ ਵੇਲਾ ਹੈ, ਇਸ ਦੇ ਵੱਲ ਧਿਆਨ ਦਿਉ। ਕਿਸੇ ਪੁਰਾਣੀ ਬੋਤਲ ਦਾ ਇਸਤੇਮਾਲ ਕਰਦੇ ਹੋਏ ਮੀਂਹ ਮਾਪਣ ਦਾ ਇੱਕ ਜੰਤਰ (rain gauge) ਬਣਾਉ, ਜਿਸ ਦੇ ਨਾਲ ਮਾਪੋ ਅਤੇ ਜਾਂਚ ਕਰੋ ਕਿ ਕਿੰਨਾਂ ਮੀਂਹ ਪੈ ਰਿਹਾ ਹੈ।

## ਛਾਨ-ਬੀਨ ਕਰਨ ਦੇ ਲਈ ਸਵਾਲ ਪੁੱਛਣਾ

ਆਪਣੇ ਬੱਚੇ ਨੂੰ ਗਣਿਤ ਦੀ ਛਾਨ-ਬੀਨ ਕਰਨ ਦੇ ਲਈ ਉਤਸ਼ਾਹਿਤ ਕਰਨ ਦੇ ਲਈ ਇਸ ਤਰੀਕੇ ਦੇ ਸਵਾਲ ਪੁੱਛੋ:

- ਤੁਸੀਂ ਕਿਹੜੇ ਆਕਾਰ ਦੇਖ ਸਕਦੇ ਹੋ?
- ... ਨੂੰ ਤੁਸੀਂ ਕਿਵੇਂ ਮਾਪੋਗੇ?
- ਅੱਧ ਨੂੰ ਅਸੀਂ ਕਿਵੇਂ ਲੱਭਾਂਗੇ?
- ... ਨੂੰ ਸਾਂਝਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਕੀ ਹੈ?
- ... ਤੋਂ ... ਤੱਕ ਮੈਂ ਕਿਵੇਂ ਜਾ ਸਕਦਾ/ਸਕਦੀ ਹਾਂ?
- ਕੀ ਜ਼ਿਆਦਾ ਨੇੜੇ ਹੈ: ਸੈਂਡਪਿੱਟ ਜਾਂ ਝੂਟਾ?
- ਤੁਸੀਂ ਇੱਕ ਮੀਨਾਰ ਨੂੰ ਕਿੰਨਾਂ ਉੱਚਾ ਬਣਾ ਸਕਦੇ ਹੋ ਇਸ ਤੋਂ ਪਹਿਲਾਂ ਕਿ ਉਹ ਡਿੱਗ ਜਾਵੇ?

# ਸਾਲ 3 ਤੋਂ ਸਾਲ 6:

## ਸਾਖਰਤਾ

ਪੜ੍ਹਨ ਦੇ ਪਹਿਲੇ ਕੁਝ ਸਾਲ ਤੁਹਾਡੇ ਬੱਚੇ ਦੇ ਲਈ ਇੱਕ ਬਹੁਤ ਹੀ ਸ਼ਾਨਦਾਰ ਵਕਤ ਹੁੰਦਾ ਹੈ। ਕਿਤਾਬਾਂ ਉਨ੍ਹਾਂ ਨੂੰ ਨਵੇਂ ਵਿਚਾਰਾਂ ਅਤੇ ਨਵੀਂ ਦੁਨੀਆਂ ਦੇ ਨਾਲ ਵਾਹ ਪਵਾਉਂਦੀਆਂ ਹਨ, ਅਤੇ ਉਨ੍ਹਾਂ ਦੀ ਕਲਪਨਾਸ਼ਕਤੀ ਵੱਧਦੀ ਹੈ।

ਪੜ੍ਹਨ ਦੇ ਬਾਰੇ ਸਕਾਰਾਤਮਕ ਰਵੱਈਏ ਦੇ ਨਾਲ ਗੱਲ ਕਰੋ ਤਾਂ ਜੋ ਤੁਹਾਡਾ ਬੱਚਾ ਉਸ ਦੀ ਮਹੱਤਤਾ ਜਾਣ ਸਕੇ। ਆਪਣੇ ਬੱਚੇ ਦੇ ਨਾਲ ਵੱਧ ਤੋਂ ਵੱਧ ਪੜ੍ਹਨਾ ਜਾਰੀ ਰੱਖੋ। ਜਦੋਂ ਉਹ ਆਤਮਵਿਸ਼ਵਾਸ ਮਹਿਸੂਸ ਕਰਨ, ਉਨ੍ਹਾਂ ਨੂੰ ਉਤਸ਼ਾਹਿਤ ਕਰੋ ਕਿ ਉਹ ਪੜ੍ਹਨ ਦੇ ਕੁਝ ਹਿੱਸੇ ਦਾ, ਜਾਂ ਸਾਰੇ ਹਿੱਸੇ ਨੂੰ ਪੜ੍ਹਨ ਦਾ ਕਾਰਜਕਾਰ ਸੰਭਾਲਣ।

ਜਦੋਂ ਉਹ ਪੜ੍ਹ ਰਹੇ ਹੋਣ ਤਾਂ ਹਮੇਸ਼ਾਂ ਧੀਰਜ ਰੱਖੋ ਅਤੇ ਕੋਸ਼ਿਸ਼ ਕਰ ਕੇ ਤੇਜ਼ੀ ਦੇ ਉੱਤੇ ਜ਼ੋਰ ਨਾ ਦਿਓ। ਆਪ ਵੀ ਜਿੰਨਾ ਜ਼ਿਆਦਾ ਤੋਂ ਜ਼ਿਆਦਾ ਹੋ ਸਕੇ, ਪੜ੍ਹੋ, ਤਾਂ ਜੋ ਆਪਣੇ ਬੱਚੇ ਦੇ ਸ੍ਹਾਮਣੇ ਪੜ੍ਹਨ ਦੀ ਇੱਕ ਮਿਸਾਲ ਰੱਖ ਸਕੋ।

ਇਹ ਸਾਲ ਅਜਿਹਾ ਸਮਾਂ ਹੁੰਦੇ ਹਨ ਜਦੋਂ ਤੁਹਾਡਾ ਬੱਚਾ ਦੁਨੀਆ ਦੇ ਬਾਰੇ ਜ਼ਿਆਦਾ ਜਾਣਦਾ ਹੈ। ਚਰਚਾਵਾਂ ਦੇ ਵਿੱਚ ਉਨ੍ਹਾਂ ਨੂੰ ਸ਼ਾਮਲ ਕਰਨ ਦੇ ਨਾਲ ਉਨ੍ਹਾਂ ਦੀ ਬੋਲਣ ਦੀ ਕਾਬਲੀਅਤ ਵਿੱਚ ਸੁਧਾਰ ਹੁੰਦਾ ਹੈ ਅਤੇ ਇਸ ਦੁਨੀਆ ਨੂੰ ਸਮਝਣ ਵਿੱਚ ਅਤੇ ਦੁਨੀਆ ਵਿੱਚ ਉਨ੍ਹਾਂ ਦੀ ਥਾਂ ਸਮਝਣ ਦੇ ਵਿੱਚ ਮਦਦ ਮਿਲਦੀ ਹੈ।

ਇਨ੍ਹਾਂ ਸਾਲਾਂ ਦੇ ਵਿੱਚ ਤੁਹਾਡਾ ਬੱਚਾ ਵਧੇਰੇ ਆਤਮਵਿਸ਼ਵਾਸ ਦੇ ਨਾਲ ਲਿਖਣਾ ਵੀ ਸ਼ੁਰੂ ਕਰਦਾ ਹੈ। ਵਧੀਆ ਲਿਖ ਪਾਣ ਦੀ ਕਾਬਲੀਅਤ ਤੁਹਾਡੇ ਬੱਚੇ ਨੂੰ ਪ੍ਰਭਾਵਸ਼ਾਲੀ ਢੰਗ ਦੇ ਨਾਲ ਗੱਲ ਕਰ ਪਾਉਣ ਦੇ ਯੋਗ ਬਣਾਉਂਦੀ ਹੈ ਅਤੇ ਸਕੂਲ ਅਤੇ ਉਨ੍ਹਾਂ ਦੇ ਭਵਿੱਖ ਦੇ ਪੇਸ਼ੇਆਂ (careers) ਵਿੱਚ ਸਫਲਤਾ ਮਿਲਣ ਦੀ ਸੰਭਾਵਨਾ ਵਿੱਚ ਵੀ ਸੁਧਾਰ ਕਰਦੀ ਹੈ। ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਵੱਖ ਵੱਖ ਵਿਸ਼ਿਆਂ ਅਤੇ ਰੁਝਾਨਾਂ ਦੇ ਬਾਰੇ ਜ਼ਿਆਦਾ ਤੋਂ ਜ਼ਿਆਦਾ ਵਾਰ ਲਿਖਣ ਦੀ ਕੋਸ਼ਿਸ਼ ਕਰਨ।

ਸਾਖਰਤਾ ਹਮੇਸ਼ਾ ਹੀ ਮਨੋਰੰਜਕ ਅਤੇ ਰੁਝਾਉਪੂਰਕ ਹੋ ਸਕਦੀ ਹੈ। ਆਪਣੇ ਬੱਚਿਆਂ ਨੂੰ ਉਹ ਕਿਤਾਬਾਂ ਅਤੇ ਗਤੀਵਿਧੀਆਂ ਚੁਣ ਲੈਣ ਦਿਉ ਜੋ ਕਿ ਉਨ੍ਹਾਂ ਦੀ ਦਿਲਚਸਪੀ ਦੇ ਨਾਲ ਮੇਲ ਖਾਂਦੀਆਂ ਹਨ, ਅਤੇ ਹਮੇਸ਼ਾ ਹੀ, ਹਰ ਇੱਕ ਗਤੀਵਿਧੀ ਅੰਦਰ ਮਸਤੀ ਅਤੇ ਖੇਡਣ ਦੀ ਇੱਕ ਤੰਦਰੁਸਤ ਖੁਰਾਕ ਨੂੰ ਉਤਸ਼ਾਹਿਤ ਕਰੋ। ਇਸ ਦੇ ਨਾਲ ਤੁਹਾਡੇ ਬੱਚੇ ਦੇ ਅੰਦਰ ਪੜ੍ਹਨ, ਬੋਲਣ ਅਤੇ ਲਿਖਣ ਦੇ ਲਈ ਪਿਆਰ ਦਾ ਵਿਕਾਸ ਹੋਵੇਗਾ।

# ਬੋਲਣ ਅਤੇ ਸੁਣਨ ਵਿੱਚ ਆਪਣੇ ਬੱਚੇ ਦੀ ਮਦਦ ਕਰਨਾ

## ਆਪਣੇ ਬੱਚੇ ਦੇ ਨਾਲ ਗੱਲ ਕਰਨਾ

ਜਿਵੇਂ ਜਿਵੇਂ ਤੁਹਾਡਾ ਬੱਚਾ ਪ੍ਰਾਈਮਰੀ ਸਕੂਲ ਵਿੱਚੋਂ ਲੰਘਦਾ ਹੈ, ਉਹ ਜ਼ਿਆਦਾ ਗਤੀ (fluency) ਦੇ ਨਾਲ ਅਤੇ ਦੁਨਿਆ ਬਾਰੇ ਜ਼ਿਆਦਾ ਸਮਝ ਰੱਖਦੇ ਹੋਏ ਬੋਲਣਗੇ।

ਗਤੀ ਦੇ ਨਾਲ ਬੋਲਣ ਵਿੱਚ ਇੱਥੇ ਥੱਲੇ ਦੱਸੇ ਗਏ ਸੁਝਾਅ ਸਹਾਇਕ ਹੁੰਦੇ ਹਨ:

- ਹਰ ਰੋਜ਼ ਦੀਆਂ ਗਤੀਵਿਧੀਆਂ ਬਾਰੇ ਚਰਚਾ ਦੇ ਵਿੱਚ ਆਪਣੇ ਬੱਚੇ ਨੂੰ ਸ਼ਾਮਲ ਕਰਨਾ ਜਾਰੀ ਰੱਖੋ, ਜਿਵੇਂ ਕਿ ਘਰ ਦੇ ਖਾਣ-ਪੀਣ ਦਾ ਸਾਮਾਨ ਲਿਆਉਣ ਬਾਰੇ, ਬਾਗਬਾਨੀ ਕਰਨ ਬਾਰੇ, ਰਾਤ ਦਾ ਖਾਣਾ ਬਨਾਉਣ ਬਾਰੇ, ਮੇਲਬਕਸੇ ਤੋਂ ਡਾਕ ਚੁੱਕਣ ਜਾਣ ਬਾਰੇ, ਘਰ ਦੇ ਕੰਮ ਕਰਨ ਅਤੇ ਕਾਰ ਜਾਂ ਬੱਸ ਦੇ ਵਿੱਚ ਸਫਰ ਕਰਨ ਬਾਰੇ।
- ਕੋਸ਼ਿਸ਼ ਕਰ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਉਸ ਦਿਨ ਦੇ ਬਾਰੇ ਖਾਸ ਸਵਾਲ ਪੁੱਛੋ। ਇੱਕ ਆਮ ਸਵਾਲ ਜਿਵੇਂ ਕਿ "ਤੁਹਾਡਾ ਦਿਨ ਅੱਜ ਕਿਹੋ ਜਿਹਾ ਰਿਹਾ?" ਦਾ ਜਵਾਬ, ਸੰਭਾਵਨਾ ਦੇ ਤੌਰ ਤੇ, ਇੱਕੋ ਲਫਜ਼ ਦਾ ਮਿਲੇਗਾ, ਕਿ "ਅੱਛਾ"। ਖਾਸ ਸਵਾਲ ਪੁੱਛੋ ਕਿ "ਕਲਾਸ ਦੇ ਵਿੱਚ ਜੋ ਕਿਤਾਬ ਤੁਸੀਂ ਪੜ੍ਹ ਰਹੇ ਹੋ, ਉਹ ਕਿਸ ਬਾਰੇ ਹੈ?" ਜਾਂ "ਅੱਜ ਦੁਪਹਿਰ ਦੇ ਖਾਣੇ ਦੀ ਛੁੱਟੀ ਵਿੱਚ ਤੁਸੀਂ ਕੀ ਕੀਤਾ?"
- ਦਿਨ ਵਿੱਚ ਹੋਈਆਂ ਘਟਨਾਵਾਂ ਜਾਂ ਮੌਜੂਦਾ ਘਟਨਾਵਾਂ ਬਾਰੇ ਤੁਹਾਡੇ ਵੱਲੋਂ ਕੀਤੀ ਜਾ ਰਹੀ ਚਰਚਾ ਦੇ ਵਿੱਚ ਆਪਣੇ ਬੱਚੇ ਨੂੰ ਸ਼ਾਮਲ ਕਰੋ। ਉਨ੍ਹਾਂ ਦੀ ਰਾਏ ਪੁੱਛੋ। ਇਸ ਨਾਲ ਉਨ੍ਹਾਂ ਨੂੰ ਵੱਖਰੇ ਦ੍ਰਿਸ਼ਟੀਕੋਣਾਂ ਨੂੰ ਸਮਝਣ ਵਿੱਚ ਮਦਦ ਮਿਲਦੀ ਹੈ ਅਤੇ ਉਨ੍ਹਾਂ ਦਾ ਸ਼ਬਦਕੋਸ਼ ਵੱਧਦਾ ਹੈ।
- ਆਪਣੇ ਬੱਚੇ ਦੇ ਪੜ੍ਹਨ, ਲਿਖਣ ਅਤੇ ਹਰ ਤਰੀਕੇ ਦੀ ਲਿਖਤ ਨੂੰ ਵੇਖਣ ਦੇ ਵਿੱਚ ਸੱਚੀ ਦਿਲਚਸਪੀ ਵਿਖਾਉ। ਲਿਖਤ (texts) ਦੇ ਬਾਰੇ ਕੀਤੀਆਂ ਗੱਲਾਂ, ਅਰਥਪੂਰਨ ਚਰਚਾ ਨੂੰ ਪੈਦਾ ਕਰ ਸਕਦੀਆਂ ਹਨ ਅਤੇ ਤੁਹਾਡੇ ਬੱਚੇ ਲਈ ਇਨ੍ਹਾਂ ਨੂੰ ਇੱਕ ਮਹੱਤਵਪੂਰਣ ਚੀਜ਼ ਦੇ ਤੌਰ ਤੇ ਵੇਖਣ ਵਿੱਚ ਮਦਦ ਕਰਦੀਆਂ ਹਨ।
- ਸਕੂਲ ਵਿੱਚ ਤੁਹਾਡਾ ਬੱਚਾ ਜੋ ਵਿਸ਼ਿਆਂ ਬਾਰੇ ਪੜ੍ਹ ਰਿਹਾ ਹੈ, ਉਸ ਵਿੱਚ ਦਿਲਚਸਪੀ ਵਿਖਾਉ। ਇਹ ਚਰਚਾ ਵਿੱਚ ਸ਼ਾਮਿਲ ਹੋਣ ਦਾ ਇੱਕ ਸ਼ਾਨਦਾਰ ਸਹਾਰਾ ਬਣ ਸਕਦਾ ਹੈ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਆਪਣੀਆਂ ਰੋਜ਼ ਦੀਆਂ ਮੁਸ਼ਕਿਲਾਂ ਅਤੇ ਭਾਵਨਾਵਾਂ ਬਾਰੇ ਚਰਚਾ ਕਰੇ।
- ਦੂਸਰੇ ਲੋਕਾਂ ਦੀਆਂ ਭਾਵਨਾਂਵਾਂ ਬਾਰੇ ਜਾਨਣ ਦੇ ਲਈ ਚਰਚਾ ਅਤੇ ਸਵਾਲਾਂ ਦਾ ਇਸਤੇਮਾਲ ਕਰੋ। ਇਹ ਤੁਹਾਡੇ ਬੱਚੇ ਅੰਦਰ ਦੂਸਰਿਆਂ ਦੇ ਲਈ ਹਮਦਰਦੀ (empathy) ਪੈਦਾ ਕਰਨ ਵਿੱਚ ਮਦਦ ਕਰੇਗਾ।
- ਆਪਣੇ ਬੱਚੇ ਦੇ ਅਨੁਭਵ ਅਤੇ ਦੁਨੀਆ ਬਾਰੇ ਗਿਆਨ ਨੂੰ ਵਧਾਉਣ ਦੇ ਲਈ ਚਰਚਾ ਅਤੇ ਸਵਾਲਾਂ ਦਾ ਇਸਤੇਮਾਲ ਕਰੋ, ਖਾਸ ਤੌਰ ਤੇ ਨਵੇਂ ਹੋ ਰਹੇ ਅਨੁਭਵਾਂ ਵੇਲੇ ਜਾਂ ਬਾਹਰ ਘੁੰਮਣ ਫਿਰਨ ਜਾਣ ਦੇ ਵੇਲੇ।

# ਖਬਰਾਂ ਅਤੇ ਮੌਜੂਦਾ ਘਟਨਾਵਾਂ (**Current Events**) ਬਾਰੇ ਚਰਚਾ ਕਰਨਾ

ਜਿਵੇਂ ਜਿਵੇਂ ਤੁਹਾਡਾ ਬੱਚਾ ਵੱਡਾ ਹੁੰਦਾ ਹੈ, ਉਹ ਖਬਰਾਂ ਅਤੇ ਮੌਜੂਦਾ ਹੋ ਰਹੀਆਂ ਘਟਨਾਵਾਂ ਬਾਰੇ ਜ਼ਿਆਦਾ ਜਾਨਣ ਲੱਗਦਾ ਹੈ। ਖਬਰਾਂ ਅਤੇ ਮੌਜੂਦਾ ਘਟਨਾਵਾਂ ਬਾਰੇ ਚਰਚਾ ਕਰਨ ਦੇ ਨਾਲ ਤੁਹਾਡਾ ਬੱਚਾ, ਦੁਨੀਆ ਦੇ ਬਾਰੇ ਸਮਝਣ ਦਾ ਧਨੀ ਬਣਦਾ ਹੈ।

ਸਵਾਲ ਕਰਨਾ ਇੱਕ ਅਸਰਦਾਰ ਤਰੀਕਾ ਹੈ ਜਿਸ ਦੇ ਨਾਲ ਤੁਹਾਡੇ ਬੱਚੇ ਨੂੰ ਕਿਸੇ ਘਟਨਾ ਦੇ ਬਾਰੇ ਗੰਭੀਰਤਾ (critically) ਦੇ ਨਾਲ ਸੋਚਣ ਦੇ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਅੰਦਰ ਹਮਦਰਦੀ (empathy) ਨੂੰ ਉਜਾਗਰ ਕਰਨ ਦੇ ਵਿੱਚ ਮਦਦ ਮਿਲਦੀ ਹੈ। ਜਦੋਂ ਸਮਾਜਿਕ ਮੁੱਦਿਆਂ ਬਾਰੇ ਚਰਚਾ ਹੋ ਰਹੀ ਹੋਵੇ, ਤਾਂ ਸਵਾਲ, ਤੁਹਾਡੇ ਬੱਚੇ ਦੇ ਗਤੀ ਦੇ ਨਾਲ ਬੋਲਣ (oral fluency) ਦਾ ਵਿਕਾਸ ਕਰਨ ਵਿੱਚ ਵੀ ਮਦਦ ਕਰਦੇ ਹਨ।

ਕਿਸੇ ਖਬਰ ਵਿੱਚ ਵਾਪਰੀ ਕਹਾਣੀ ਜਾਂ ਮੌਜੂਦਾ ਘਟਨਾ ਦੀ ਚਰਚਾ ਦੇ ਵੇਲੇ ਤੁਸੀਂ ਜੋ ਸਵਾਲ ਪੁੱਛ ਸਕਦੇ ਹੋ, ਉਸ ਵਿੱਚ ਸ਼ਾਮਿਲ ਹਨ:

- ਤੁਹਾਨੂੰ ਕੀ ਲੱਗਦਾ ਹੈ ਕਿਸ ਕਰਕੇ ਇਹ ਘਟਨਾ ਹੋਈ?
- ਤੁਹਾਨੂੰ ਕੀ ਲੱਗਦਾ ਹੈ ਇਸ ਦੇ ਨਾਲ ਲੋਕੀ ਕਿਵੇਂ ਪ੍ਰਭਾਵਿਤ ਹੋਣਗੇ?
- ਕੀ ਜੋ ਹੋਇਆ ਠੀਕ ਹੋਇਆ?
- ਤੁਹਾਡੇ ਵਿਚਾਰ ਵਿੱਚ ਲੋਕੀ ਇਸ ਤਰੀਕੇ ਦੇ ਨਾਲ ਕਿਉਂ ਸੋਚਦੇ / ਕਰਦੇ ਹਨ?
- ਤੁਹਾਡੇ ਵਿਚਾਰ ਵਿੱਚ ਅੱਗੇ ਹੁਣ ਕੀ ਹੋਏਗਾ?
- ਇਹ ਸਮੱਸਿਆ ਕਿਸ ਤਰੀਕੇ ਦੇ ਨਾਲ ਸੁਲਝਾਈ ਜਾ ਸਕਦੀ ਹੈ?

ਤੁਹਾਡੀ ਚਰਚਾ ਨੂੰ ਅੱਗੇ ਵਧਾਉਣ ਦੇ ਲਈ ਕੁਝ ਹੋਰ ਗਤੀਵਿਧੀਆਂ:

- ਵੱਖ ਵੱਖ ਦ੍ਰਿਸ਼ਟੀਕੋਣ ਲੈਣ ਦੇ ਲਈ ਉਸੇ ਵਿਸ਼ੇ ਦੇ ਉੱਤੇ ਹੋਰ ਕਈ ਸਾਰੇ ਆਰਟੀਕਲ ਇਕੱਠੇ ਪੜ੍ਹੋ। ਫਿਰ ਉਨ੍ਹਾਂ ਵੱਖ ਵੱਖ ਦ੍ਰਿਸ਼ਟੀਕੋਣਾਂ ਦੇ ਬਾਰੇ ਚਰਚਾ ਕਰੋ।
- ਕਿਸੇ ਵਿਸ਼ੇ ਦੇ ਉੱਤੇ ਬਹਿਸ ਕਰੋ, ਜਿਸ ਵਿੱਚ ਤੁਸੀਂ ਅਤੇ ਤੁਹਾਡਾ ਬੱਚਾ ਉਸ ਮੁੱਦੇ ਦੇ ਵੱਖ ਵੱਖ ਪੱਖ ਉੱਤੇ ਬੋਲੋ।
- ਕਿਸੇ ਮੁੱਦੇ ਦੇ ਉੱਤੇ ਪਾੱਡਕਾਸਟ (podcast) ਡਾਊਨਲੋਡ ਕਰੋ ਅਤੇ ਉਸ ਨੂੰ ਸੁਣੋ, ਅਤੇ ਉਸ ਬਾਰੇ ਚਰਚਾ ਕਰੋ।
- ਵੱਖ ਵੱਖ "ਇਹ ਹੋਇਆ ਤਾਂ ਕੀ ਹੋਏਗਾ" ਵਿਸ਼ਿਆਂ ਬਾਰੇ ਚਰਚਾ ਕਰੋ। ਇਹ ਤੁਹਾਡੇ ਬੱਚੇ ਦੀ ਸਮੱਸਿਆ ਸੁਲਝਾਉਣ ਅਤੇ ਕਲਪਨਾ ਦਾ ਵਿਕਾਸ ਕਰੇਗਾ।

# ਆਪਣੇ ਬੱਚੇ ਦੀ ਪੜ੍ਹਨ ਦੇ ਵਿੱਚ ਮਦਦ ਕਰਨਾ

ਪੜ੍ਹਨ ਦੇ ਲਈ ਉਤਸ਼ਾਹਿਤ ਕਰਨ ਦੇ ਇੱਥੇ ਕੁਝ ਸੁਝਾਅ ਦਿੱਤੇ ਗਏ ਹਨ:

- ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਬਾਅਦ ਦੇ ਪ੍ਰਾਈਮਰੀ ਸਾਲਾਂ ਵਿੱਚ ਇਕੱਠੇ ਹੋ ਕੇ ਪੜ੍ਹਨਾ ਜਾਰੀ ਰੱਖੋ, ਭਾਵੇਂ ਤੁਹਾਡਾ ਬੱਚਾ ਸੁਤੰਤਰ ਤੌਰ ਤੇ ਪੜ੍ਹ ਰਿਹਾ ਹੈ।
- ਅਕਸਰ ਆਪਣੇ ਬੱਚੇ ਨੂੰ ਸਥਾਨਕ ਲਾਇਬ੍ਰੇਰੀ ਲੈ ਕੇ ਜਾਉ ਤਾਂ ਜੋ ਉਹ ਕਿਤਾਬਾਂ ਚੁਣ ਸਕਣ, ਉਧਾਰ ਤੇ ਲੈ ਸਕਣ ਅਤੇ ਰੀਨਿਊ (ਫਿਰ ਮੁੜ ਉਧਾਰ ਤੇ ਲੈਣਾ) ਕਰਵਾ ਸਕਣ। ਸਕੂਲ ਦੀਆਂ ਛੁੱਟੀਆਂ ਦੀ ਸ਼ੁਰੂਆਤ ਵਿੱਚ ਆਪਣੇ ਬੱਚੇ ਨੂੰ ਲਾਇਬ੍ਰੇਰੀ ਲਿਜਾਉਣ ਦੇ ਨਾਲ, ਹਫਤੇ ਦਰ ਹਫਤਿਆਂ ਦੀ ਸੁਤੰਤਰ ਪੜ੍ਹਾਈ ਨੂੰ ਪ੍ਰੋਤਸਾਹਨ ਮਿਲਦਾ ਹੈ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਉਹ ਆਪਣੇ ਸਕੂਲ ਦੀ ਲਾਇਬ੍ਰੇਰੀ ਤੋਂ ਵੀ ਕਿਤਾਬਾਂ ਉਧਾਰੀਆਂ ਲੈਣ।
- ਜੇ ਤੁਹਾਡਾ ਬੱਚਾ ਕਿਸੇ ਲੇਖਕ ਨੂੰ ਪਸੰਦ ਕਰਦਾ ਹੈ, ਤਾਂ ਉਸੇ ਲੇਖਕ ਵੱਲੋਂ ਲਿਖੀ ਕੋਈ ਹੋਰ ਕਿਤਾਬ ਜਾਂ ਕਿਤਾਬਾਂ ਦੀ ਲੜੀ ਲੱਭੋ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਆਪਣੇ ਮਨਪਸੰਦ ਲੇਖਕ ਜਾਂ ਚਿੱਤਰਕਾਰ (Illustrator) ਦੀ ਵੈਬਸਾਈਟ ਤੇ ਜਾ ਕੇ ਉਨ੍ਹਾਂ ਦੇ ਬਾਰੇ ਪੜ੍ਹਨ।
- ਆਪਣੇ ਬੱਚੇ ਨੂੰ ਵੱਖ ਵੱਖ ਸ਼ੈਲੀਆਂ (genre) ਪੜ੍ਹਨ ਬਾਰੇ ਦੱਸੋ ਜਿਵੇਂ ਕਿ ਕਲਪਨਾ (fantasy), ਵਿਗਿਆਨਕ-ਕਲਪਨਾ (science-fiction), ਐਕਸ਼ਨ ਅਤੇ ਰੋਮਾਂਚ।
- ਆਪਣੇ ਬੱਚੇ ਨੂੰ ਵੱਖ ਵੱਖ ਕਿਸਮ ਦੀ ਲਿਖਤ-ਸ਼ੈਲੀਆਂ (texts) ਪੜ੍ਹਨ ਬਾਰੇ ਦੱਸੋ ਜਿਵੇਂ ਕਿ ਕਵਿਤਾਵਾਂ, ਸੰਗੀਤ ਦੇ ਬੋਲ (music lyrics) ਅਤੇ ਛੋਟੇ ਨਾਟਕ।
- ਆਪਣੇ ਬੱਚੇ ਨੂੰ ਨੱਾਨ-ਫਿਕਸ਼ਨ (non-fiction) ਪੜ੍ਹਨ ਦੇ ਲਈ ਉਤਸ਼ਾਹਿਤ ਕਰੋ। ਅਖਬਾਰ ਜਾਂ ਕੋਈ ਆਨਲਾਈਨ ਵਿਸ਼ਵਕੋਸ਼ (encyclopedia) ਇੱਕ ਅੱਛੀ ਸ਼ੁਰੂਆਤ ਹੋ ਸਕਦੇ ਹਨ, ਪਰ ਹੋ ਸਕਦਾ ਹੈ ਕਿ ਤੁਹਾਡਾ ਬੱਚਾ ਇਤਿਹਾਸ ਦੀਆਂ ਕਿਤਾਬਾਂ ਜਾਂ ਉਨ੍ਹਾਂ ਦੇ ਮਨਪਸੰਦ ਖਿਡਾਰੀ ਜਾਂ ਮਸ਼ਹੂਰ ਵਿਅਕਤੀ (celebrity) ਵੱਲੋਂ ਆਪਣੇ ਆਪ ਬਾਰੇ ਲਿਖੀ ਕਹਾਣੀ ਦੇ ਵਿੱਚ ਦਿਲਚਸਪੀ ਲਵੇ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਜਿਹੜੇ ਲਫਜ਼ ਉਹ ਸਮਝ ਨਹੀਂ ਪਾ ਰਹੇ ਹੋਣ, ਤਾਂ ਇੱਕ ਸ਼ਬਦਕੋਸ਼ (dictionary) ਦਾ ਇਸਤੇਮਾਲ ਕਰਦੇ ਹੋਏ ਉਸ ਵਿੱਚ ਵੇਖਣ
- ਆਪਣੇ ਬੱਚੇ ਨੂੰ ਉਨ੍ਹਾਂ ਦੀ ਉਮਰ ਦੇ ਨਾਲ ਮੇਲ ਖਾਂਦੀਆਂ ਵੀਡੀਓ ਗੇਮਾਂ ਖੇਡਣ ਦਿਉ ਜਿਨ੍ਹਾਂ ਅੰਦਰ ਪੜ੍ਹਨਾ ਪੈਂਦਾ ਹੋਵੇ।
- ਆਪਣੇ ਬੱਚੇ ਨੂੰ ਵਿਕਟੋਰੀਅਨ ਪ੍ਰੀਮੀਅਰ ਦਾ ਰੀਡਿੰਗ ਚੈਲੇਂਜ (ਚੁਣੌਤੀ) ਵਿੱਚ ਸ਼ਾਮਿਲ ਹੋਣ ਦੇ ਲਈ ਉਤਸ਼ਾਹਿਤ ਕਰੋ, ਜੋ ਕਿ ਹਰ ਸਾਲ ਮਾਰਚ ਤੋਂ ਸਤੰਬਰ ਤੱਕ ਚਲਦੀ ਹੈ। ਇਸ ਅੰਦਰ ਭਾਗ ਲੈ ਰਹੇ ਸਕੂਲ ਤੁਹਾਡੇ ਬੱਚੇ ਨੂੰ ਇਸ ਵਿੱਚ ਰਜਿਸਟਰ ਕਰਣਗੇ – ਨਹੀਂ ਤੇ ਤੁਸੀਂ ਆਪਣੇ ਬੱਚੇ ਨੂੰ ਆਪ ਇੱਥੇ ਰਜਿਸਟਰ ਕਰ ਸਕਦੇ ਹੋ: Victorian Premiers' Reading Challenge

- ਇਸ ਭਾਗ ਵਿੱਚ ਥੱਲੇ ਦਿੱਤਾ ਗਿਆ "ਸਾਖਰਤਾ-ਭਰਿਆ ਘਰ ਬਨਾਉਣਾ" ਵੀ ਪੜ੍ਹੋ।

### ਕਿਤਾਬ ਬਾਰੇ ਗੱਲਬਾਤ (**Book Chat**)

ਕਿਤਾਬ ਬਾਰੇ ਗੱਲ-ਬਾਤ, ਇੱਕ ਮਹੱਤਵਪੂਰਨ ਰਣਨੀਤੀ ਹੈ ਜਿਸ ਦੇ ਨਾਲ, ਤੁਹਾਡੇ ਬੱਚੇ ਦੀ ਮਨਪਸੰਦ ਕਿਤਾਬਾਂ ਵਿੱਚ ਦਿੱਤੇ ਗਏ ਵਿਚਾਰਾਂ ਦੇ ਮੂਲ ਤੱਤ (content) ਅਤੇ ਮਤਲਬ ਨੂੰ ਡੂੰਘਾਈ ਦੇ ਨਾਲ ਵਿਅਕਤ ਕਰਨ ਵਿੱਚ, ਤੁਹਾਡੇ ਬੱਚੇ ਨੂੰ ਮਦਦ ਮਿਲਦੀ ਹੈ। ਪਿਛਲੇ ਭਾਗ, ਜਨਮ ਤੋਂ 2 ਸਾਲ, ਸਾਖਰਤਾ, ਦੇ ਵਿੱਚ ਦਿੱਤੇ ਗਏ ਕਿਤਾਬ ਬਾਰੇ ਗੱਲਬਾਤ ਦੇ ਸਵਾਲ, ਮੋਟੇ ਤੌਰ ਤੇ ਪਾਤਰ (character) ਅਤੇ ਕਹਾਣੀ (plot) ਬਾਰੇ ਜਾਣਕਾਰੀ ਨੂੰ ਯਾਦ ਕਰਨ ਨਾਲ ਹੀ ਸੰਬੰਧ ਰੱਖਦੇ ਸਨ (ਵੇਖੋ ਪੰਨਾ: xxxxxx)। ਇਹ ਸਵਾਲ ਪੁੱਛਣੇ ਅਜੇ ਵੀ ਬਹੁਤ ਮਹਤੱਵ ਰੱਖਦੇ ਹਨ ਜਦ ਤੁਹਾਡਾ ਬੱਚਾ ਪ੍ਰਾਈਮਰੀ ਸਕੂਲ ਵਿੱਚ ਹੈ। ਜਦੋਂ ਤੁਹਾਡਾ ਬੱਚਾ ਪ੍ਰਾਈਮਰੀ ਸਕੂਲ ਵਿੱਚੋਂ ਲੰਘਦਾ ਹੈ, ਤਾਂ ਉਸ ਕਿਤਾਬ, ਜਿਸ ਨੂੰ ਤੁਸੀਂ ਇੱਕਠੇ ਪੜ੍ਹ ਰਹੇ ਹੋ, ਜਾਂ ਉਹ ਕਿਤਾਬ ਜਿਸ ਨੂੰ ਤੁਹਾਡਾ ਬੱਚਾ ਸੁਤੰਤਰ ਤੌਰ ਤੇ ਪੜ੍ਹ ਰਿਹਾ ਹੈ, ਉਨ੍ਹਾਂ ਕਿਤਾਬਾਂ ਦੀ ਚਰਚਾ ਵਿੱਚ ਹੋਰ ਸਵਾਲ ਜੋੜ ਦਿਉ। ਕੁਝ ਅੱਗੇ ਦੇ ਇਹ ਸਵਾਲ ਸ਼ਾਮਿਲ ਕੀਤੇ ਜਾ ਸਕਦੇ ਹਨ:

- ਕੀ ਮੁੱਖ ਪਾਤਰ ਕਹਾਣੀ ਦੇ ਵਿੱਚ ਬਦਲ ਜਾਂਦਾ ਹੈ? ਉਹ ਪਾਤਰ ਕਿਵੇਂ ਬਦਲ ਜਾਂਦਾ ਹੈ?
- ਜੇ ਤੁਸੀਂ ਇਸ ਕਿਤਾਬ ਦਾ ਅੰਤ ਬਦਲ ਸਕਦੇ, ਤਾਂ ਉਹ ਅੰਤ ਕੀ ਹੋਣਾ ਸੀ?
- ਤੁਹਾਡੇ ਵਿਚਾਰ ਦੇ ਵਿੱਚ ਇਸ ਕਹਾਣੀ ਦਾ ਮੁੱਖ ਸੰਦੇਸ਼ ਕੀ ਹੈ?
- ਇਸ ਕਹਾਣੀ ਦੇ ਮੁੱਖ ਸੰਦੇਸ਼ ਦੇ ਬਾਰੇ ਤੁਹਾਡੀ ਕੀ ਰਾਏ ਹੈ?
- ਕੀ ਤੁਸੀਂ ਇਸ ਕਹਾਣੀ ਜਾਂ ਸੰਦੇਸ਼ ਦਾ ਸੰਬੰਧ ਕਿਸੇ ਹੋਰ ਘਟਨਾ ਜਾਂ ਮੁੱਦੇ ਦੇ ਨਾਲ ਜੋੜ ਸਕਦੇ ਹੋ?
- ਦੂਸਰੇ ਲੋਕੀ ਇਸ ਨੂੰ ਹੋਰ ਕਿਸ ਢੰਗ ਦੇ ਨਾਲ ਦੇਖ ਸਕਦੇ ਹਨ?

## ਲਿਖਣ ਵਿੱਚ ਆਪਣੇ ਬੱਚੇ ਦੀ ਮਦਦ ਕਰਨਾ

ਜਿਵੇਂ ਜਿਵੇਂ ਤੁਹਾਡਾ ਬੱਚਾ ਪ੍ਰਾਈਮਰੀ ਸਕੂਲ ਵਿੱਚੋਂ ਲੰਘਦਾ ਹੈ, ਉਹ ਜ਼ਿਆਦਾ ਲੰਬੇ ਰਚਨਾਤਮਕ ਲੇਖ (creative pieces) ਅਤੇ ਵੱਖ ਵੱਖ ਸ਼ੈਲੀਆਂ ਵਿੱਚ ਲਿਖਣਾ ਸ਼ੁਰੂ ਕਰ ਦੇਵੇਗਾ / ਦੇਵੇਗੀ, ਅਤੇ ਨਾਨ-ਫਿਕਸ਼ਨ ਅਤੇ ਸੋਚ ਜਗਾਉਣ ਵਾਲੇ ਲੇਖਾਂ (persuasive writing) ਵੱਲ ਧਿਆਨ ਦੇਣਾ ਸ਼ੁਰੂ ਕਰ ਦੇਵੇਗਾ/ਦੇਵੇਗੀ।

ਇਨ੍ਹਾਂ ਸਾਲਾਂ ਵਿੱਚ ਤੁਹਾਡੇ ਬੱਚੇ ਦੇ ਲਿਖਣ ਵਿੱਚ ਮਦਦ ਕਰਨ ਦੇ ਕੁਝ ਆਮ ਸੁਝਾਵਾਂ ਵਿੱਚ ਇਹ ਚੀਜ਼ਾਂ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ:

- ਉਨ੍ਹਾਂ ਨੂੰ ਉਤਸ਼ਾਹਿਤ ਕਰਨਾ ਜਾਰੀ ਰੱਖੋ ਕਿ ਰੋਜ਼ਾਨਾ ਦੇ ਜੀਵਨ ਦੇ ਹੁਨਰ, ਜਿਨ੍ਹਾਂ ਵਿੱਚ ਖਾਣਾ ਪਕਾਉਣ ਦੀਆਂ ਵਿਧੀਆਂ, ਪਰਿਵਾਰਕ ਸੰਦੇਸ਼, ਖਰੀਦਦਾਰੀ ਦੀਆਂ ਸੂਚੀਆਂ ਅਤੇ ਗ੍ਰੀਟਿੰਗ ਕਾਰਡ ਸ਼ਾਮਲ ਹਨ, ਇਨ੍ਹਾਂ ਬਾਰੇ ਲਿਖਣ।

- ਇਹ ਯਕੀਨੀ ਕਰ ਲਉ ਕਿ ਉਨ੍ਹਾਂ ਕੋਲ ਲਿਖਣ ਦੇ ਲਈ ਇੱਕ ਉਚਿੱਤ ਥਾਂ ਹੈ, ਜਿਵੇਂ ਕਿ ਇੱਕ ਸ਼ਾਂਤ ਕਮਰੇ ਅੰਦਰ ਰੱਖਿਆ ਇੱਕ ਮੇਜ਼।
- ਲਿਖਣ ਲਈ ਸਮਾਨ (stationary) ਪ੍ਰਦਾਨ ਕਰੋ ਜਿਵੇਂ ਕਿ ਰੰਗੀਨ ਪੈੱਨ ਅਤੇ ਪੈਂਸਿਲਾਂ, ਅਤੇ ਵੱਖ ਵੱਖ ਰੰਗਾਂ ਦੇ ਕਾਗਜ਼।
- ਇਸ ਤੋਂ ਪਹਿਲਾਂ ਕਿ ਉਹ ਲਿਖਣਾ ਸ਼ੁਰੂ ਕਰਨ, ਉਸ ਲਿਖਣ ਦੇ ਵਿਸ਼ੇ ਬਾਰੇ ਆਪਣੇ ਬੱਚੇ ਦੇ ਨਾਲ ਚਰਚਾ ਕਰ ਲੈਣਾ ਹਮੇਸ਼ਾਂ ਮਦਦਗਾਰ ਸਾਬਿਤ ਹੁੰਦਾ ਹੈ। ਇਹ ਤੁਹਾਡੇ ਬੱਚੇ ਅੰਦਰ ਪ੍ਰਭਾਵੀ ਵਿਚਾਰ (ideas) ਪੈਦਾ ਕਰੇਗਾ ਅਤੇ ਲਿਖਣ ਪ੍ਰਤਿ ਉਨ੍ਹਾਂ ਅੰਦਰ ਆਤਮਵਿਸ਼ਵਾਸ ਪੈਦਾ ਹੋਵੇਗਾ।
- ਤੁਹਾਡਾ ਬੱਚਾ ਜਿਸ ਵਿਸ਼ੇ ਉੱਤੇ ਲਿਖ ਰਿਹਾ ਹੈ ਉਸ ਬਾਰੇ ਚਰਚਾ ਤੋਂ ਬਾਅਦ, ਉਨ੍ਹਾਂ ਦੀ ਮਦਦ ਕਰਨ ਲਈ ਤੁਸੀਂ ਕੁਝ ਤਰਕ ਜਾਂ ਕਹਾਣੀ ਦੇ ਅੰਸ਼ (story plot points) ਲਿਖ ਸਕਦੇ ਹੋ। ਫਿਰ ਉਹ ਉਨ੍ਹਾਂ ਅੰਸ਼ਾਂ ਨੂੰ ਖੋਲ ਕੇ ਉਨ੍ਹਾਂ ਉੱਤੇ ਅੱਗੇ ਲਿਖ ਸਕਦੇ ਹਨ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਵੱਖ ਵੱਖ ਸ਼ੈਲੀਆਂ ਵਿੱਚ ਰਚਨਾਤਮਕ ਢੰਗ ਨਾਲ ਲਿਖੇ ਜਿਵੇਂ ਕਿ ਕਲਪਨਾ (fantasy), ਸੱਚ ਤੋਂ ਪ੍ਰੇਰਿਤ (realism), ਅਤੇ ਰੋਮਾਂਚਕ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਵੱਖ ਵੱਖ ਤਰੀਕੇ ਦੇ ਸਾਹਿੱਤ (literary) ਦੇ ਲੇਖ ਲਿਖੇ ਜਿਵੇਂ ਕਿ ਕਵਿਤਾਵਾਂ, ਛੋਟੇ ਨਾਟਕ ਜਾਂ ਫਿਲਮ ਦੀਆਂ ਪਟਕਥਾਵਾਂ (film scripts)।
- ਰਚਨਾਤਮਕ ਢੰਗ ਦੇ ਨਾਲ ਲਿਖਣ ਦੀ ਸ਼ੁਰੂਆਤ ਕਰਨ ਦੇ ਲਈ ਕਿਸੇ ਅਜਿਹੀ ਕਿਤਾਬ ਦਾ ਸਹਾਰਾ ਲਉ, ਜੋ ਤੁਹਾਡੇ ਬੱਚੇ ਨੇ ਪੜ੍ਹੀ ਹੈ।
- ਸੋਚ ਜਗਾਉਣ ਵਾਲੇ ਲੇਖ (persuasive writing) ਲਿਖਣਾ, ਸਕੂਲ ਦੇ ਅੰਦਰ ਇੱਕ ਮਹੱਤਵਪੂਰਵਕ ਚੀਜ਼ ਬਣ ਜਾਵੇਗਾ, ਖਾਸ ਤੌਰ ਤੇ ਹਾਈ ਸਕੂਲ ਵਿੱਚ। ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਖਾਸ ਮੁੱਦਿਆਂ ਉੱਪਰ ਆਪਣੀ ਵੱਖ ਵੱਖ ਰਾਏ ਅਤੇ ਵਿਚਾਰਾਂ ਨੂੰ ਲਿਖ ਲਵੇ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਆਪਣੇ ਵੱਲੋਂ ਕੀਤੇ ਗਏ ਕੰਮ ਨੂੰ ਤੁਹਾਨੂੰ ਵਿਖਾਉਣ ਤੋਂ ਪਹਿਲਾਂ ਆਪਣੀਆਂ ਕੀਤੀਆਂ ਗਲਤੀਆਂ ਲੱਭ ਕੇ ਉਨ੍ਹਾਂ ਵਿੱਚ ਸ਼ੋਧ ਕਰ ਲਵੇ। ਉਨ੍ਹਾਂ ਨੂੰ ਇਹ ਯਕੀਨੀ ਬਣਾ ਲੈਣਾ ਵੀ ਜ਼ਰੂਰੀ ਹੈ ਕਿ ਜੋ ਲਿਖਿਆ ਹੈ, ਉਹ ਸਮਝ ਵਿੱਚ ਆਉਂਦਾ ਹੋਵੇ। ਉਨ੍ਹਾਂ ਵੱਲੋਂ ਲਿਖੇ ਗਏ ਲੇਖ ਵਿੱਚੋਂ ਗਲਤੀਆਂ ਲੱਭਣ ਦੀ ਇੱਕ ਵਧੀਆ ਤਕਨੀਕ ਹੈ ਕਿ ਜੋ ਲਿਖਿਆ ਹੈ ਉਸ ਨੂੰ ਬੋਲ ਬੋਲ ਕੇ ਪੜ੍ਹਨ।
- ਸ਼ਬਦ–ਕੋਸ਼ (dictionary) ਦਾ ਇਸਤੇਮਾਲ, ਸਪੈਲਿੰਗ ਦੀਆਂ ਗਲਤੀਆਂ ਵਿੱਚ ਮਦਦ ਕਰਦਾ ਹੈ
- ਥੀਸੌਰਸ (Thesaurus) ਦਾ ਇਸਤੇਮਾਲ ਕਰਨਾ, ਤੁਹਾਡੇ ਬੱਚੇ ਦੇ ਸ਼ਬਦਾਂ ਦੇ ਭੰਡਾਰ ਨੂੰ ਵਧਾਉਣ ਵਿੱਚ ਮਦਦ ਕਰਦਾ ਹੈ।

ਕੁਝ ਮਸਤੀ ਭਰੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ:

- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਇੱਕ ਡਾਇਰੀ ਰੱਖੇ ਜਿਸ ਅੰਦਰ ਉਹ ਆਪਣੀਆਂ ਭਾਵਨਾਵਾਂ ਅਤੇ ਅਨੁਭਵਾਂ ਨੂੰ ਦਰਜ ਕਰੇ।
- ਕਿਸੇ ਕਿਤਾਬ ਜਾਂ ਫਿਲਮ ਦੀ ਸਮੀਖਿਆ (reviews) ਕਰ ਕੇ ਉਸ ਦੇ ਬਾਰੇ ਲਿਖੇ। ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਤੁਲਨਾਤਮਕ ਚੰਗੇ ਅਤੇ ਮਾੜੇ ਅੰਸ਼ਾਂ (points) ਬਾਰੇ ਇੱਕ ਰਾਏ ਬਣਾਵੇ, ਅਤੇ ਫਿਲਮ ਕਿਸ ਤਰੀਕੇ ਦੇ ਨਾਲ ਬਿਹਤਰ ਕੀਤੀ ਜਾ ਸਕਦੀ ਸੀ।
- ਇੱਕ ‘ਲੱਭੀ ਕਵਿਤਾ’ ਬਣਾਵੇ। ਕਿਤਾਬਾਂ ਜਾਂ ਕਵਿਤਾਵਾਂ ਵਿੱਚੋਂ ਬਗੈਰ ਸੋਚੇ ਸਮਝੇ, ਕੋਈ ਵੀ 20 ਲਾਈਨਾਂ ਜਾਂ ਵਾਕ ਚੁਣ ਲਵੇ ਅਤੇ ਇਨ੍ਹਾਂ ਲਾਈਨਾਂ ਨੂੰ ਅੱਗੇ ਪਿੱਛੇ ਲਗਾ ਕੇ ਇੱਕ ਨਵੀਂ ਕਵਿਤਾ ਬਣਾਵੇ।
- ਵੱਖਰੀਆਂ ਲਾਈਨਾਂ ਨੂੰ ਵੱਖਰੀਆਂ ਸੰਭਾਵਨਾਂਵਾਂ ਅਧੀਨ ਇੱਕ ਦੂਸਰੇ ਦੇ ਨਾਲ ਜੋੜਨਾ, ਅਤੇ ਇਹ ਕਰਨ ਦੇ ਨਾਲ ਉਨ੍ਹਾਂ ਦੇ ਮਤਲਬ ਦੇ ਅੰਦਰ ਕਿਵੇਂ ਫਰਕ ਆ ਜਾਂਦਾ ਹੈ, ਇਸ ਬਾਰੇ ਚਰਚਾ ਕਰਨਾ ਮਸਤੀ ਭਰਿਆ ਹੋ ਸਕਦਾ ਹੈ।
- ਆਪਣੇ ਬੱਚੇ ਨੂੰ ਇੱਕ ਵਿਸ਼ਾ ਦਿਉ ਜਿਸ ਦੇ ਸਾਫ ਤੌਰ ਤੇ ਦੋ ਪੱਖ ਹੋਣ, ਜਿਵੇਂ ਕਿ “ਹੋਮਵਰਕ ਉੱਤੇ ਪਾਬੰਦੀ ਲਗਾ ਦੇਣੀ ਚਾਹੀਦੀ ਹੈ”। ਆਪਣੇ ਬੱਚੇ ਨੂੰ ਕਹੋ ਕਿ ਦੋਹਾਂ ਪੱਖਾਂ ਦੇ ਲਈ, ਅਤੇ ਵਿਰੋਧ ਵਿੱਚ ਆਪਣੇ ਤਰਕ ਦੱਸਦੇ ਹੋਏ ਕੁਝ ਪੈਰ੍ਹੇ ਲਿਖਣ।
- ਜੇ ਤੁਹਾਡੇ ਬੱਚੇ ਨੇ ਹਾਲ ਹੀ ਵਿੱਚ ਕੋਈ ਨਾਵਲ ਜਾਂ ਫਿਲਮ ਖਤਮ ਕੀਤੀ ਹੈ, ਉਸਨੂੰ ਕਹੋ ਕਿ ਉਸਦੇ ਜਵਾਬ ਵਿੱਚ ਰਚਨਾਤਮਕ (creatively) ਢੰਗ ਦੇ ਨਾਲ ਲਿਖੇ। ਉਹ ਇੱਕ ਵਿਕਲਪਿਕ ਅੰਤ ਲਿਖ ਸਕਦੇ ਹਨ, ਉਸ ਅੰਤ ਤੋਂ ਬਾਅਦ ਅੱਗੇ ਦੀ ਹੋਰ ਛੋਟੀ ਜਿਹੀ ਕਹਾਣੀ, ਜਾਂ ਕਿਸੇ ਪਾਤਰ ਦੇ ਦ੍ਰਿਸ਼ਟੀਕੋਣ ਤੋਂ ਲਿਖੇ ਗਏ ਡਾਇਰੀ ਦੇ ਕੁਝ ਪੰਨੇ ਲਿਖ ਸਕਦੇ ਹਨ।
- ਡਿਜੀਟਲ ਲਿਖਣਾ ਅਤੇ ਬਨਾਉਣਾ (Digital writing and creating)

ਹੁਣ ਅਸੀਂ ਇੱਕ ਦੁਨੀਆ ਦੇ ਵਿੱਚ ਰਹਿ ਰਹੇ ਹਾਂ ਜੋ ਕਿ ਡਿਜੀਟਲ ਤਕਨਾਲੌਜੀ ਦੇ ਨਾਲ ਭਰੀ ਹੋਈ ਹੈ। ਆਪਣੇ ਬੱਚੇ ਨੂੰ ਸਾਖਰਤਾ ਦੀ ਸਫਲਤਾ ਦਾ ਸਭ ਤੋਂ ਵਧੀਆ ਮੌਕਾ ਦੇਣ ਦੇ ਲਈ ਇਹ ਜ਼ਰੂਰੀ ਹੈ ਕਿ ਤੁਹਾਡਾ ਬੱਚਾ ਤਕਨਾਲੌਜੀ ਦੇ ਨਾਲ ਅਰਾਮਦਾਇਕ ਮਹਿਸੂਸ ਕਰੇ ਅਤੇ ਆਪਣੇ ਵਿਚਾਰ ਸਾਂਝੇ ਕਰਨ, ਅਤੇ ਆਪਣੀ ਰਚਨਾਤਮਕਤਾ ਵਿਖਾਉਣ ਦੇ ਲਈ ਵੱਖ ਵੱਖ ਤਕਨਾਲੌਜੀਆਂ ਦਾ ਇਸਤੇਮਾਲ ਕਰ ਸਕੇ।

ਕੁਝ ਗਤੀਵਿਧੀਆਂ ਜੋ ਕਿ ਤੁਹਾਡਾ ਬੱਚਾ ਕਰ ਸਕਦਾ ਹੈ, ਉਨ੍ਹਾਂ ਵਿੱਚ ਸ਼ਾਮਿਲ ਹਨ:

- ਕਿਸੇ ਖਾਸ ਦਿਲਚਸਪੀ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਵੈਬਸਾਈਟ ਬਨਾਉਣਾ, ਜਿਵੇਂ ਕਿ ਕੋਈ ਸ਼ੌਂਕ, ਇੱਕ ਸਪੋਰਟਸ ਟੀਮ, ਜਾਂ ਇੱਕ ਇਤਿਹਾਸਕ ਘਟਨਾ ਜੋ ਉਨ੍ਹਾਂ ਅੰਦਰ ਦਿਲਚਸਪੀ ਜਗਾਉਂਦੀ ਹੈ।
- ਕਿਸੇ ਸ਼ੌਂਕ ਜਾਂ ਦਿਲਚਸਪੀ ਉੱਪਰ ਇੱਕ ਬਲੱਾਗ ਲਿਖਣਾ
- ਕਿਸੇ ਛੋਟੀ ਫਿਲਮ ਦੀ ਪਟਕਥਾ (script) ਲਿਖਣਾ ਅਤੇ ਮੋਬਾਇਲ ਫੋਨ, ਟੈਬਲੇਟ ਜਾਂ ਵੀਡੀਓ ਰਿਕਾਰਡਰ ਦਾ ਇਸਤੇਮਾਲ ਕਰਦੇ ਹੋਏ ਉਸ ਫਿਲਮ ਨੰ ਕੈਮਰੇ ਵਿੱਚ ਉਤਾਰਨਾ।

ਸੰਪਾਦਨ (editing) ਸੌਫਟਵੇਅਰ ਦਾ ਇਸਤੇਮਾਲ ਕਰਦੇ ਹੋਏ ਫਿਲਮ ਦਾ ਸੰਪਾਦਨ ਕਰਨਾ ਅਤੇ ਸਿਰਲੇਖ (title) ਬਨਾਉਣੇ।

- ਇੱਕ ਰੇਡੀਓ ਦੀ ਪਟਕਥਾ ਲਿਖਣਾ ਅਤੇ ਮੋਬਾਇਲ ਫੋਨ, ਟੈਬਲੇਟ ਜਾਂ ਡਿਜੀਟਲ ਵੱਾਇਸ ਰਿਕਾਰਡਰ ਦਾ ਇਸਤੇਮਾਲ ਕਰਦੇ ਹੋਏ ਉਸ ਨੂੰ ਰਿਕਾਰਡ ਕਰਨਾ।
- ਇੱਕ ਛੋਟੀ ਕਹਾਣੀ ਲਿਖਣਾ ਅਤੇ ਮੋਬਾਇਲ ਫੋਨ, ਟੈਬਲੇਟ ਜਾਂ ਵੱਾਇਸ ਰਿਕਾਰਡਰ ਦਾ ਇਸਤੇਮਾਲ ਕਰਦੇ ਹੋਏ ਉਸ ਨੂੰ ਰਿਕਾਰਡ ਕਰਨਾ। ਮਨ ਦੀ ਦਸ਼ਾ (mood) ਅਤੇ ਰੋਮਾਂਚ ਬਨਾਉਣ ਦੇ ਲਈ ਡਿਜੀਟਲ ਫਿਲਮ ਸਕੋਰ ਦਾ ਸੰਗੀਤ ਜਾਂ ਸਾਊਂਡ ਇਫੈੱਕਟ (sound effects) ਲੱਭਣੇ।
- ਪਰਿਵਾਰ ਦੇ ਮੈਂਬਰਾਂ ਨੂੰ ਈ-ਮੇਲਾਂ ਜਾਂ ਤਤਕਾਲ ਸੰਦੇਸ਼ ਸੁਵਿਧਾ (instant messages) ਦਾ ਇਸਤੇਮਾਲ ਕਰਦੇ ਹੋਏ ਸੰਦੇਸ਼ ਭੇਜਣੇ।
- ਕਿਸੇ ਨਿੱਜੀ ਦਿਲਚਸਪੀ ਵਾਲੀ ਚੀਜ਼ ਦੇ ਬਾਰੇ, ਜਾਂ, ਹਾਲ ਹੀ ਵਿੱਚ ਇੱਕ ਪਰਿਵਾਰਕ ਛੁੱਟੀ ਤੇ ਜਾਣ ਬਾਰੇ, ਪ੍ਰੈਜ਼ੇਨਟੇਸ਼ਨ ਜਾਂ ਸਲਾਈਡ ਸਾਫਟਵੇਅਰ ਦਾ ਇਸਤੇਮਾਲ ਕਰਦੇ ਹੋਏ, ਪਰਿਵਾਰ ਦੇ ਲਈ ਪ੍ਰੈਜ਼ੇਨਟੇਸ਼ਨਾਂ ਬਨਾਉਣਾ।

## ਪਰਿਵਾਰਕ ਪ੍ਰੋਜੈਕਟ

ਪੂਰੇ ਪਰਿਵਾਰ ਨੂੰ ਪੜ੍ਹਨ ਅਤੇ ਲਿਖਣ ਵਿੱਚ ਸ਼ਾਮਿਲ ਕਰਨ ਦਾ ਮੌਕਾ ਲੱਭੋ।

ਕੁਝ ਪਰਿਵਾਰਕ ਪ੍ਰੋਜੈਕਟਾਂ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ:

- ਦੋਸਤਾਂ ਜਾਂ ਪਰਿਵਾਰ ਦੇ ਮੈਂਬਰਾਂ ਨੂੰ ਈ-ਮੇਲ ਭੇਜਣਾ।
- ਪਰਿਵਾਰ ਅਤੇ ਦੋਸਤਾਂ ਦੇ ਨਾਲ ਗੱਲਬਾਤ ਕਰਨ ਦੇ ਲਈ ਆਪਣੀਆਂ ਸੋਸ਼ਲ ਨੈਟਵਰਕਿੰਗ ਸਾਈਟਾਂ ਉੱਤੇ ਇਕੱਠੇ ਹੋ ਕੇ ਸੰਦੇਸ਼ ਲਿਖਣਾ।
- ਕਿਸੇ ਕਿਤਾਬ ਦੀ ਸੀਰੀਜ਼ ਇਕੱਠੇ ਬੈਠ ਕੇ ਪੜ੍ਹਨਾ।
- ਕੋਈ ਨਵੀਂ ਘਰੇਲੂ ਚੀਜ਼ ਕਿਵੇਂ ਕੰਮ ਕਰਦੀ ਹੈ, ਉਸ ਦੀਆਂ ਹਦਾਇਤਾਂ ਇਕੱਠੇ ਬੈਠ ਕੇ ਪੜ੍ਹੋ।
- ਆਪਣੇ ਪਰਿਵਾਰ ਦੇ ਸਮਾਗਮ ਜਾਂ ਯਾਤਰਾਵਾਂ ਦੇ ਅਨੁਭਵਾਂ ਨੂੰ ਕਿਸੇ ਪਤ੍ਰਿਕਾ ਜਾਂ ਆਨਲਾਈਨ ਬਲੱਾਗ ਦੇ ਵਿੱਚ ਲਿਖੋ।
- ਨਾਟਕ ਲਿਖੋ ਅਤੇ ਪਰਿਵਾਰ ਜਾਂ ਦੋਸਤਾਂ ਦੇ ਅੱਗੇ ਉਸ ਨੂੰ ਪ੍ਰਸਤੁਤ ਕਰੋ।
- ਰਲ ਕੇ ਇੱਕ ਫਿਲਮ ਦੀ ਪਟਕਥਾ ਲਿਖੋ ਅਤੇ ਫਿਲਮ ਨੂੰ ਬਣਾਉ।
- ਖਬਰਾਂ ਦੇ ਆਰਟੀਕਲ ਪੜ੍ਹੋ, ਚੁਣੋ ਅਤੇ ਇਕੱਠੇ ਕਰੋ ਅਤੇ ਇੱਕ ਐਲਬਮ ਬਣਾਉ, ਉਦਾਹਰਣ ਦੇ ਤੌਰ ਤੇ, ਕਿਸੇ ਖੇਡ ਦੀ ਟੀਮ, ਮਨਪਸੰਦ ਜਾਨਵਰ ਜਾਂ ਕੋਈ ਮਨੋਰੰਜਨ ਦੀ ਗਤੀਵਿਧੀ ਦੇ ਲਈ।
- ਸ਼ਬਦ-ਵਰਗ ਪਹੇਲੀਆਂ (crosswords), ਸ਼ਬਦ ਪਹੇਲੀਆਂ (word puzzles), ਦੀਮਾਗੀ

ਕਸਰਤ ਵਾਲੇ ਸਵਾਲ (brain-teasers) ਅਤੇ ਕੁਇਜ਼ (quiz) ਦੇ ਹੱਲ ਕੱਢੋ।

- ਲਾਇਬ੍ਰੇਰੀਆਂ ਅਤੇ ਕਿਤਾਬਾਂ ਦੀਆਂ ਦੁਕਾਨਾਂ ਵਿੱਚ ਘੁੰਮ ਕੇ ਚੀਜ਼ਾਂ ਵੇਖੋ। ਚੈਰਿਟੀ ਸਟੋਰਾਂ ਜਾਂ ਗਰਾਜ ਸੇਲ ਦੌਰਾਨ ਮਿਲਣ ਵਾਲੀਆਂ ਸਸਤੀਆਂ ਕਿਤਾਬਾਂ ਨੂੰ ਲੱਭੋ।
- ਕਿਤੇ ਘੁੰਮਣ ਜਾਣ ਦੀ ਤਿਆਰੀ ਰਲ ਕੇ ਕਰੋ, ਜਿਸ ਵਿੱਚ ਪਬਲਿਕ ਟ੍ਰਾਂਸਪੋਰਟ ਦੇ ਟਾਈਮਟੇਬਲ, ਨਕਸ਼ੇ ਅਤੇ ਜਾਣਕਾਰੀ ਦੇ ਪੈਂਫਲੇਟ ਸ਼ਾਮਿਲ ਹਨ।

## ਸਾਖਰਤਾ ਦੇ ਨਾਲ ਭਰਿਆ ਇੱਕ ਘਰ ਬਨਾਉਣਾ

ਸਾਖਰਤਾ ਦੇ ਨਾਲ ਭਰਿਆ ਹੋਇਆ ਘਰ, ਤੁਹਾਡੇ ਬੱਚੇ ਨੂੰ ਪੜ੍ਹਨ, ਲਿਖਣ, ਬੋਲਣ ਅਤੇ ਸੁਨਣ ਵਿੱਚ ਸ਼ਾਮਲ ਹੋਣ ਦਾ ਹਰ ਇੱਕ ਮੌਕਾ ਪ੍ਰਦਾਨ ਕਰਦਾ ਹੈ। ਇਸ ਤਰੀਕੇ ਦੇ ਵਾਤਾਵਰਨ ਦੇ ਨਾਲ ਤੁਹਾਡੇ ਬੱਚੇ ਨੂੰ ਉਤਸ਼ਾਹ ਮਿਲਦਾ ਹੈ ਕਿ ਉਹ ਇਨ੍ਹਾਂ ਕੁਸ਼ਲਤਾਵਾਂ ਨੂੰ ਹਰ ਰੋਜ਼ ਦੀ ਜ਼ਿੰਦਗੀ ਦਾ ਇੱਕ ਮਹੱਤਵਪੂਰਨ ਅਤੇ ਆਮ ਹਿੱਸਾ ਸਮਝਣ।

ਇੱਕ ਸਾਖਰਤਾ ਵਾਲਾ ਘਰ ਬਨਾਉਣ ਦੇ ਕੁਝ ਸੁਝਾਅ ਇੱਥੇ ਦਿੱਤੇ ਗਏ ਹਨ:

- ਕਿਤਾਬਾਂ। ਬਹੁਤ ਸਾਰੀਆਂ ਕਿਤਾਬਾਂ। ਬਹੁਤ ਸਾਰੀਆਂ ਕਿਤਾਬਾਂ ਦੇ ਨਾਲ, ਤੁਹਾਡਾ ਬੱਚਾ ਪੜ੍ਹਨ ਨੂੰ ਇੱਕ ਆਮ ਗਤੀਵਿਧੀ ਦੇ ਤਰੀਕੇ ਦੇ ਨਾਲ ਵੇਖੇਗਾ ਅਤੇ ਹਰ ਵੇਲੇ ਉਸ ਕੋਲ ਪੜ੍ਹਨ ਦੇ ਲਈ ਕੁਝ ਨਵਾਂ ਹੋਵੇਗਾ।
- ਆਪਣੇ ਬੱਚੇ ਦੇ ਲਈ ਇੱਕ ਭਾਸ਼ਾ ਨਾਲ ਭਰਿਆ ਹੋਇਆ ਸੌਣ ਦਾ ਕਮਰਾ ਅਤੇ ਘਰ ਬਣਾਉ, ਜਿਸ ਵਿੱਚ ਅੱਖਰ ਅਤੇ ਲਫਜ਼ਾਂ ਵਾਲੇ ਪੋਸਟਰ ਅਤੇ ਪਰਚੇ (labels) ਲੱਗੇ ਹੋਣ।
- ਆਪਣੇ ਬੱਚੇ ਦੀਆਂ ਕਿਤਾਬਾਂ ਨੂੰ ਡਿਸਪਲੇ ਤੇ ਲਗਾਉਣ ਦੇ ਲਈ ਇੱਕ ਕਿਤਾਬਾਂ ਦੀ ਸ਼ੈਲਫ ਦੀ ਵਿਵਸਥਾ ਕਰੋ।
- ਆਪਣੇ ਬੱਚੇ ਦੇ ਬੈਠ ਕੇ ਪੜ੍ਹਨ ਦੇ ਲਈ ਇੱਕ ਆਰਾਮਦਾਇਕ ਜਗ੍ਹਾ ਦਾ ਨਿਰਮਾਣ ਕਰੋ, ਸ਼ਾਇਦ ਸਰ੍ਹਾਣਿਆਂ ਅਤੇ ਕੰਬਲ ਵਗੈਰਾ ਦੇ ਨਾਲ, ਜਿਸ ਦੇ ਨਾਲ, ਆਪਣੇ ਬੱਚੇ ਨੂੰ ਉਤਸਾਹਿਤ ਕਰ ਸਕੋ ਕਿ ਪੜ੍ਹਨ ਨੂੰ ਇੱਕ ਆਰਾਮਦਾਇਕ ਅਤੇ ਮਸਤੀ ਭਰੀ ਗਤੀਵਿਧੀ ਦੇ ਰੂਪ ਵਿੱਚ ਦੇਖੇ।
- ਲਿਖਣ ਦੇ ਲਈ ਇੱਕ ਮੇਜ਼ ਅਤੇ ਲਿਖਣ ਦਾ ਸਮਾਨ ਪ੍ਰਦਾਨ ਕਰੋ। ਵੱਖ ਵੱਖ ਪੈੱਨ ਅਤੇ ਪੈਂਸਿਲਾਂ ਅਤੇ ਲਿਖਣ ਦੇ ਲਈ ਇੱਕ ਜਗ੍ਹਾ ਦਾ ਹੋਣਾ, ਤੁਹਾਡੇ ਬੱਚੇ ਨੂੰ ਉਤਸਾਹਿਤ ਕਰਦਾ ਹੈ ਕਿ ਉਹ ਹੋਰ ਵੀ ਜ਼ਿਆਦਾ ਲਿਖਿਆ ਕਰੇ। ਆਪਣੇ ਬੱਚੇ ਦੇ ਪੈੱਨ ਅਤੇ ਪੈਂਸਿਲਾਂ ਰੱਖਣ ਦੇ ਲਈ ਇੱਕ ਵਿਸ਼ੇਸ਼ 'ਲਿਖਣ ਲਈ ਬਕਸਾ' ਨੂੰ ਬਨਾਉਣ ਦੇ ਨਾਲ ਤੁਹਾਡਾ ਬੱਚਾ ਲਿਖਣ ਨੂੰ ਇੱਕ ਮਹੱਤਵਪੂਰਨ ਗਤੀਵਿਧੀ ਦੇ ਰੂਪ ਵਿੱਚ ਵੇਖਦਾ ਹੈ।
- ਕਾਲਪਨਿਕ ਖੇਡਾਂ ਦੇ ਲਈ ਰੰਗਮੰਚ ਦਾ ਸਾਮਾਨ (props) ਅਤੇ ਸ਼ਿਲਪਕਾਰੀ ਦੇ ਪ੍ਰੋਜੈਕਟਾਂ (craft projects) ਦੇ ਲਈ ਸਾਮਾਨ ਇਕੱਠਾ ਕਰੋ। ਇਹ ਬੋਲਣ ਅਤੇ ਲਿਖਣ ਦੇ ਅਭਿਆਸ ਕਰਨ ਦਾ ਇੱਕ ਆਧਾਰ ਬਣ ਸਕਦੇ ਹਨ।

- ਹਰ ਹਫਤੇ ਕੁਝ ਵਕਤ 'ਪਰਵਿਾਰਕ ਪੜ੍ਹਨ ਦਾ ਸਮਾਂ', ਵੱਖਰਾ ਕੱਢ ਕੇ ਰੱਖੋ, ਜਿਸ ਵੇਲੇ ਪਰਿਵਾਰ ਦਾ ਹਰ ਮੈਂਬਰ ਪੜ੍ਹ ਰਿਹਾ ਹੈ, ਭਾਵੇਂ ਇਕੱਲੇ ਬੈਠ ਕੇ ਜਾਂ ਸਾਰੇ ਇਕੱਠੇ ਬੈਠ ਕੇ।
- ਅਕਸਰ ਚਰਚਾ ਕਰੋ ਕਿ ਤੁਹਾਡਾ ਬੱਚਾ ਕੀ ਪੜ੍ਹ ਜਾਂ ਲਿਖ ਰਿਹਾ ਹੈ।
    - ਬਹੁਤ ਹੀ ਜ਼ਰੂਰੀ ਚੀਜ਼, ਤੁਸੀਂ ਆਪ ਪੜ੍ਹੋ। ਆਪਣੇ ਬੱਚੇ ਨੂੰ ਪੜ੍ਹਨ ਵਿੱਚ ਲਗਾਉਣ ਦੇ ਸਭ ਤੋਂ ਮਹੱਵਪੂਰਨ ਤਰੀਕਿਆਂ ਵਿੱਚੋਂ ਇੱਕ ਇਹ, ਕਿ ਆਪਣੇ ਬੱਚੇ ਦੇ ਅੱਗੇ ਪੜ੍ਹਨ ਦਾ ਇੱਕ ਮਾੱਡਲ (ਉਦਾਹਰਣ) ਪ੍ਰਸਤੁਤ ਕਰਨਾ। ਜੇ ਬੱਚੇ ਆਪਣੇ ਮਾਂ-ਬਾਪ ਨੂੰ ਅਕਸਰ ਪੜ੍ਹਦਾ ਵੇਖਦੇ ਹਨ, ਤਾਂ ਉਹ ਪੜ੍ਹਨ ਦੇ ਲਈ ਉਤਸ਼ਾਹਿਤ ਹੁੰਦੇ ਹਨ – ਅਤੇ ਪੜ੍ਹਨ ਨੂੰ, ਦਿਨ ਦੇ ਇੱਕ ਆਮ ਹਿੱਸੇ ਦੇ ਤੌਰ ਤੇ ਦੇਖਦੇ ਹਨ। ਭੈਣ-ਭਰਾ, ਦਾਦਾ-ਦਾਦੀ, ਅਤੇ ਬੱਚੇ ਦੀ ਜ਼ਿੰਦਗੀ ਦੇ ਨਾਲ ਸੰਬੰਧਿਤ ਹੋਰ ਵਿਅਕਤੀ ਵੀ ਪੜ੍ਹਨ ਦੀ ਪ੍ਰੇਰਣਾ ਦੇ ਸ੍ਰੋਤ (reading role models) ਹੋ ਸਕਦੇ ਹਨ।

# 3 ਸਾਲ ਤੋਂ 6 ਸਾਲ ਤੱਕ

# ਅੰਕ ਗਿਆਨ

ਕਿਸੇ ਬੱਚੇ ਦੇ ਸਕੂਲ ਵਿੱਚ, ਅਤੇ ਉਸ ਤੋਂ ਬਾਅਦ ਸਫਲਤਾ ਹਾਸਲ ਕਰਨ ਬਾਰੇ, ਸਭ ਤੋਂ ਸਹੀ ਪੂਰਵ-ਸੂਚਕਾਂ (predictors) ਵਿੱਚੋਂ ਇੱਕ ਹੁੰਦਾ ਹੈ, ਸਿੱਖਣ ਦੇ ਵਿੱਚ ਪਰਿਵਾਰ ਦਾ ਸ਼ਾਮਿਲ ਹੋਣਾ।

ਗਣਿਤ ਵਿੱਚ ਸ਼ਾਮਿਲ ਹੋਣ ਦੇ ਮੌਕੇ ਪ੍ਰਦਾਨ ਕਰਨ ਦੇ ਨਾਲ ਅਤੇ ਇਸ ਬਾਰੇ ਚਰਚਾ ਕਰਨ ਦੇ ਨਾਲ, ਤੁਹਾਡੇ ਬੱਚੇ ਦੀ ਸਕੂਲ ਅਤੇ ਸਕੂਲ ਤੋਂ ਬਾਹਰ ਦੀ ਸਿੱਖਿਆ ਨੂੰ ਸਹਿਯੋਗ ਮਿਲਦਾ ਹੈ। ਤੁਹਾਡਾ ਬੱਚਾ, ਗਣਿਤ ਦੀ ਮਹੱਤਵਤਾ ਨੂੰ ਆਪਣੀਆਂ ਰੋਜ਼ ਦੀਆਂ ਗਤੀਵਿਧੀਆਂ ਦੇ ਨਾਲ ਜੋੜਨਾ ਵੀ ਸ਼ੁਰੂ ਕਰ ਦੇਵੇਗਾ, ਜਿਵੇਂ ਕਿ ਪਬਲਿਕ ਟ੍ਰਾਂਸਪੋਰਟ ਤੇ ਆਵਾਜਾਈ, ਕਿਸੇ ਦੁਕਾਨ ਅੰਦਰੋਂ ਚੀਜ਼ਾਂ ਦੀ ਤੁਲਨਾ ਕਰ ਕੇ ਸਭ ਤੋਂ ਵਧੀਆ ਚੀਜ਼ ਨੂੰ ਚੁਨਣਾ, ਇੱਕ ਬੱਜਟ ਤਿਆਰ ਕਰਨਾ ਅਤੇ ਖਾਣਾ ਪਕਾਉਣਾ।

ਗਣਿਤ ਦੇ ਬਾਰੇ ਸਕਾਰਾਤਮਕ ਗੱਲਾਂ ਕਰੋ ਤਾਂ ਜੋ ਤੁਹਾਡਾ ਬੱਚਾ ਵੀ ਇਸ ਦੇ ਮੁੱਲ ਨੂੰ ਸਮਝੇ। ਜੇ ਸਕੂਲ ਵਿੱਚ ਗਣਿਤ ਦੇ ਨਾਲ ਤੁਹਾਡੇ ਆਪ ਦੇ ਅਨੁਭਵ, ਇੱਕ ਆਦਰਸ਼ ਨਾਲੋਂ ਥੱਲੇ ਰਹੇ ਸਨ, ਤਾਂ ਅਜਿਹੀਆਂ ਟਿੱਪਣੀਆਂ ਦੇਣ ਤੋਂ ਪਰਹੇਜ਼ ਕਰੋ ਜਿਵੇਂ ਕਿ "ਸਕੂਲ ਵਿੱਚ ਮੈਂ ਗਣਿਤ ਵਿੱਚ ਬੁਰਾ ਸੀ", ਜਾਂ "ਮੈਨੂੰ ਗਣਿਤ ਪਸੰਦ ਨਹੀਂ ਸੀ ਕਿਉਂਕਿ ਇਹ ਬਹੁਤ ਹੀ ਮੁਸ਼ਕਿਲ ਹੁੰਦਾ ਸੀ"। ਇਸ ਤਰੀਕੇ ਦੀਆਂ ਟਿੱਪਣੀਆਂ ਦੇ ਨਾਲ ਤੁਹਾਡੇ ਬੱਚੇ ਦਾ, ਆਪਣੇ ਆਪ ਤੋਂ ਹੋਣ ਵਾਲੀਆਂ ਉਮੀਦਾਂ ਵਿੱਚ ਘਾਟਾ ਆਉਂਦਾ ਹੈ, ਅਤੇ ਸਦੀਵੀ ਤੌਰ ਤੇ ਇੱਕ ਮਨਘੜੰਤ ਖਿਆਲ ਬਿਠਾ ਦਿੰਦਾ ਹੈ ਕਿ ਲੋਕੀ ਕੁਦਰਤੀ ਤੌਰ ਤੇ ਹੀ ਗਣਿਤ ਵਿੱਚ ਅੱਛੇ ਜਾਂ ਬੁਰੇ ਹੁੰਦੇ ਹਨ।

ਇਸ ਦੇ ਉਲਟ, ਜੇ ਤੁਸੀਂ ਸਕੂਲ ਵਿੱਚ ਗਣਿਤ ਵਿੱਚ ਅੱਛਾ ਪ੍ਰਦਰਸ਼ਨ ਕੀਤਾ, ਤਾਂ ਇੱਕ ਦਮ ਜਵਾਬ ਜਾਂ ਹੱਲ ਲੈ ਕੇ ਆਉਣ ਵਿੱਚ ਪਰਹੇਜ਼ ਕਰੋ। ਆਪਣੇ ਬੱਚੇ ਨੂੰ ਉਤਸਾਹਿਤ ਕਰੋ ਕਿ ਇਸ ਬਾਰੇ ਚਰਚਾ ਕਰਨ ਕਿ ਉਹ ਗਣਿਤ ਦੀਆਂ ਸਮੱਸਿਆਵਾਂ ਦਾ ਹੱਲ ਕਿਸ ਤਰੀਕੇ ਦੇ ਨਾਲ ਕੱਢਣਾ ਚਾਹੁਣਗੇ। ਇਹ ਉਨ੍ਹਾਂ ਦੇ ਆਤਮਵਿਸ਼ਵਾਸ ਨੂੰ ਵਧਾਉਂਦਾ ਹੈ ਅਤੇ ਉਨ੍ਹਾਂ ਦੀ ਸਮਝ ਨੂੰ ਵੀ ਡੂੰਘਾ ਲੈ ਕੇ ਜਾਂਦਾ ਹੈ।

ਸਕੂਲ ਦੇ ਤੁਹਾਡੇ ਆਪ ਦੇ ਗਣਿਤ ਦੇ ਅਨੁਭਵਾਂ ਦੀ ਪਰਵਾਹ ਕੀਤੇ ਬਿਨਾਂ, ਇਹ ਪੱਕਾ ਕਰ ਲਓ ਕਿ ਅੱਜ ਗਣਿਤ, ਰੱਟਾ ਲਗਾ ਕੇ ਸਿੱਖਣ ਦੇ ਨਾਲ ਸੰਬੰਧ ਨਹੀਂ ਰੱਖਦਾ। ਅੱਜ, ਜ਼ੋਰ ਇਸ ਚੀਜ਼ ਉੱਤੇ ਹੈ ਕਿ ਪਛਾਣਿਆ ਜਾਵੇ ਕਿ ਇੱਕ ਜਵਾਬ ਤੱਕ ਪਹੁੰਚਣ ਦੇ ਕਈ ਤਰੀਕੇ ਹੁੰਦੇ ਹਨ, ਅਤੇ ਇਹ ਸਮਝਾ ਸਕਣਾ ਕਿ ਉਹ ਤਰੀਕਾ ਜੋ ਤੁਸੀਂ ਚੁਣਿਆ, ਉਸ ਨੂੰ ਤੁਸੀਂ ਕਿਵੇਂ ਅਤੇ ਕਿਉਂ ਚੁਣਿਆ।

ਆਪਣੇ ਬੱਚੇ ਦੇ ਨਾਲ ਗਣਿਤ ਬਾਰੇ ਹੋਰ ਜਾਨਣ ਦੇ ਲਈ, ਅਜਿਹੀਆਂ ਕਈ ਗਤੀਵਿਧੀਆਂ ਹਨ ਜੋ ਤੁਸੀਂ ਘਰ ਦੇ ਅੰਦਰ ਕਰ ਸਕਦੇ ਹੋ। ਇਨ੍ਹਾਂ ਗਤੀਵਿਧੀਆਂ ਦੇ ਵਿੱਚ ਸ਼ਾਮਿਲ ਹੋਣ ਦੇ ਵੇਲੇ, ਉਨ੍ਹਾਂ ਨੂੰ ਗਤੀ ਦੇ ਨਾਲ ਜੋੜਨ ਦਾ ਪਰਹੇਜ਼ ਕਰੋ। ਇਹ ਆਸ ਰੱਖਣਾ ਕਿ ਤੁਹਾਡਾ ਬੱਚਾ ਛੇਤੀ ਛੇਤੀ ਗਣਿਤ ਦੇ ਨਾਲ ਕੰਮ ਕਰੇ, ਗਣਿਤ ਸੰਬੰਧੀ ਘਬਰਾਹਟ ਦਾ ਕਾਰਣ ਬਣ ਸਕਦਾ ਹੈ। ਪ੍ਰਕਿਰਿਆ ਦੇ ਉੱਤੇ ਜ਼ੋਰ ਦਿਉ ਨਾਂ ਕਿ ਨਤੀਜੇ ਉੱਤੇ।

# ਆਪਣੇ ਬੱਚੇ ਦੇ ਨਾਲ ਅੰਕ ਗਿਆਨ ਬਾਰੇ ਹੋਰ ਜਾਨਣਾ

ਖੇਡਾਂ ਬਾਰੇ ਹੋਰ ਜਾਨਣਾ

ਤੁਹਾਡੇ ਬੱਚੇ ਨੂੰ ਗਣਿਤ ਦੇ ਨਾਲ ਰੁਝਾਉਣ ਦੇ ਵਿੱਚ ਖੇਡਾਂ ਇੱਕ ਅੱਛਾ ਮੌਕਾ ਪ੍ਰਦਾਨ ਕਰਦੀਆਂ ਹਨ, ਖਾਸ ਤੌਰ ਤੇ ਜੇ ਉਹ ਇੱਕ ਚਾਹਵਾਨ ਖਿਡਾਰੀ ਹੋਣ।

ਤੁਹਾਡੇ ਬੱਚੇ ਦੀ ਮਨਪਸੰਦ ਖੇਡ ਨੂੰ ਖੇਡਦੇ ਜਾਂ ਵੇਖਦੇ ਹੋਏ, ਤੁਸੀਂ ਉਨ੍ਹਾਂ ਨੂੰ ਇੱਥੇ ਥੱਲੇ ਦਿੱਤੇ ਕੁਝ ਸਵਾਲ ਪੁੱਛ ਸਕਦੇ ਹੋ:

- ਤੁਹਾਡੀ ਮਨਪਸੰਦ ਖੇਡ ਦੇ ਵਿੱਚ ਸਕੋਰ ਕਿਵੇਂ ਟੈਲੀ ਕੀਤੇ ਜਾਂਦੇ ਹਨ? ਟੈਲੀ ਦੇ ਉੱਪਰ ਕੀ ਗਣਿਤ ਪ੍ਰਸਤੁਤ ਕੀਤਾ ਜਾਂਦਾ ਹੈ?
- ਹੋਰ ਖੇਡਾਂ ਵਿੱਚ ਸਕੋਰ ਕਿਵੇਂ ਟੈਲੀ ਕੀਤਾ ਜਾਂਦਾ ਹੈ – ਉਦਾਹਰਣ ਦੇ ਤੌਰ ਤੇ ਟੈਨਿਸ, ਗੋਲਫ, ਕ੍ਰਿਕੇਟ, ਨੈੱਟਬਾਲ, ਫੁੱਟਬਾਲ?
- ਸਕੋਰਾਂ ਦਾ ਜੋੜ ਲੱਭਣ ਦੇ ਲਈ ਤੁਸੀਂ ਕਿਸ ਗਣਿਤ ਦਾ ਇਸਤੇਮਾਲ ਕਰਦੇ ਹੋ?
- ਸਭ ਤੋਂ ਉੱਚੇ ਦੇ ਕਦਮ ਤੇ ਕੌਣ ਹੈ? ਇਸ ਦਾ ਫੈਸਲਾ ਕਿਸ ਤਰੀਕੇ ਦੇ ਨਾਲ ਕੀਤਾ ਜਾਂਦਾ ਹੈ?
- ਸਕੋਰ ਨੂੰ ਰਿਕਾਰਡ ਕਰਨ ਦੇ ਕੀ ਕੋਈ ਹੋਰ ਤਰੀਕੇ ਹਨ?
- ਤੁਹਾਡੀ ਮਨਪਸੰਦ ਖੇਡ, ਮਿੰਟਾਂ ਅਤੇ ਸਕਿੰਟਾਂ ਦੇ ਹਿਸਾਬ ਨਾਲ ਕਿੰਨੀ ਦੇਰ ਚਲਦੀ ਹੈ? ਖੇਡ ਦੇ ਵਿੱਚ ਵਕਤ ਕਿਸ ਤਰੀਕੇ ਦੇ ਨਾਲ ਵੰਡਿਆ ਜਾਂਦਾ ਹੈ? ਅੱਧ ਵਿੱਚ, ਚੌਥੇ ਹਿੱਸੇ ਵਿੱਚ ਜਾਂ ਕਿਸੇ ਹੋਰ ਤਰੀਕੇ ਦੇ ਨਾਲ?
- ਖੇਡਣ ਦੇ ਮੈਦਾਨ ਜਾਂ ਜ਼ਮੀਨਾਂ ਕਿਸ ਆਕਾਰ ਦੀਆਂ ਹੁੰਦੀਆਂ ਹਨ? ਕੋਨਿਆਂ ਅਤੇ ਕੋਣਾਂ (angles) ਦੇ ਬਾਰੇ ਬੋਲੋ।
- ਖੇਡਣ ਦੀ ਜ਼ਮੀਨ ਦੇ ਘੇਰੇ ਦੀ ਲੰਬਾਈ ਅਤੇ ਜ਼ਮੀਨ ਦੇ ਖੇਤਰਫਲ ਦਾ ਅੰਦਾਜ਼ਾ ਤੁਸੀਂ ਕਿਸ ਤਰੀਕੇ ਦੇ ਨਾਲ ਲਗਾ ਸਕਦੇ ਹੋ?
- MCG ਦੇ ਮੈਦਾਨ ਦੇ ਵਿੱਚ ਕਿੰਨੀਆਂ ਕਾਰਾਂ ਖੜੀਆਂ ਕੀਤੀ ਜਾ ਸਕਦੀਆਂ ਹਨ? ਇਸ ਦਾ ਹਿਸਾਬ ਕਿਸ ਤਰੀਕੇ ਦੇ ਨਾਲ ਲਗਾਇਆ ਜਾ ਸਕਦਾ ਹੈ?

## ਮੌਸਮ ਦਾ ਹਾਲ ਵੇਖਣਾ

ਕਿਉਂਕਿ ਇਹ ਹਰ ਰੋਜ਼ ਬਦਲਦਾ ਹੈ, ਤੁਹਾਡੇ ਬੱਚੇ ਦੇ ਨਾਲ ਗਣਿਤ ਦੀ ਚਰਚਾ ਕਰਨ ਦੇ ਲਈ ਮੌਸਮ ਇੱਕ ਬਿਹਤਰੀਨ ਵਿਸ਼ਾ ਹੋ ਸਕਦਾ ਹੈ।

ਇਨ੍ਹਾਂ ਗਤੀਵਿਧੀਆਂ ਨੂੰ ਕਰਨ ਦੀ ਕੋਸ਼ਿਸ਼ ਕਰੋ:

- ਮੌਸਮ ਵਿਭਾਗ ਦੀ ਵੈਬਸਾਇਟ ਤੇ ਜਾਉ (Bureau of Meteorology)

- ਆਪਣੇ ਬੱਚੇ ਨੂੰ ਪੁੱਛੋ ਕਿ ਹਰ ਰੋਜ਼ ਦੇ ਵੱਧ ਤੋਂ ਵੱਧ ਅਤੇ ਘੱਟ ਤੋਂ ਘੱਟ ਤਾਪਮਾਨਾਂ ਦੇ ਵਿੱਚ ਕਿੰਨਾ ਫਰਕ ਹੈ? ਕੀ ਉਹ ਕੋਈ ਇੱਕੋ ਜਿਹਾ ਰੂਪ ਜਾਂ ਰਚਨਾ (pattern), ਜਾਂ ਮੌਸਮ ਦੇ ਬਦਲਾਵ ਦੇ ਕੋਈ ਰੁਝਾਨ ਦੇਖ ਪਾ ਰਹੇ ਹਨ?

- ਮੌਸਮ ਦਾ ਸੱਤ ਦਿਨਾਂ ਦਾ ਪੂਰਵ-ਅਨੁਮਾਨ ਕਿਤੋਂ ਲੱਭ ਲਉ, ਅਤੇ ਫਿਰ ਹਰ ਰੋਜ਼ ਦਾ ਅਸਲੀ ਤਾਪਮਾਨ ਰਿਕਾਰਡ ਕਰੋ ਅਤੇ ਫਿਰ ਇਸ ਦੀ ਤੁਲਨਾ ਕਰੋ। ਆਪਣੇ ਬੱਚੇ ਨੂੰ ਪੁੱਛੋ ਕਿ ਕੀ ਪੂਰਵ-ਅਨੁਮਾਨ ਸਹੀ ਸੀ? ਉਨ੍ਹਾਂ ਨੂੰ ਪੁੱਛੋ ਕਿ ਉਹ ਕੀ ਸਮਾਨਤਾਵਾਂ ਅਤੇ ਅੰਤਰ ਵੇਖ ਸਕਦੇ ਹਨ।

- ਤੁਹਾਡੇ ਖੇਤਰ ਅਤੇ ਦੂਸਰੇ ਖੇਤਰਾਂ ਦੇ ਮੌਸਮ ਦੇ ਵਿੱਚ ਕੀ ਫਰਕ ਹੈ ਇਸ ਬਾਰੇ ਹੋਰ ਜਾਣਕਾਰੀ ਇਕੱਠੀ ਕਰਨ ਵਾਸਤੇ ਮੌਸਮ ਵਿਭਾਗ ਦੀ ਵੈਬਸਾਈਟ ਉੱਤੇ ਮੌਜੂਦ ਜਾਣਕਾਰੀ ਦਾ ਇਸਤੇਮਾਲ ਕਰੋ। ਆਪਣੇ ਬੱਚੇ ਨੂੰ ਪੁੱਛੋ ਕਿ ਦੂਸਰੇ ਖੇਤਰਾਂ ਦੀ ਤੁਲਨਾ ਵਿੱਚ ਤੁਹਾਡੇ ਉੱਥੇ ਕਿੰਨਾ ਮੀਂਹ ਪੈਂਦਾ ਹੈ। ਆਪਣੇ ਬੱਚੇ ਨੂੰ ਕਹੋ ਕਿ ਦੂਸਰੇ ਖੇਤਰਾਂ ਅਤੇ ਤੁਹਾਡੇ ਖੇਤਰ ਦੇ ਤਾਪਮਾਨ ਦੇ ਵਿੱਚ ਅੰਤਰ ਦੀ ਪਛਾਣ ਕਰਨ। ਮੀਂਹ ਘਟਣ ਜਾਂ ਵਧਣ ਦੇ ਨਾਲ ਕੌਣ ਪ੍ਰਭਾਵਿਤ ਹੋ ਸਕਦਾ ਹੈ?

## ਖਾਣਾ ਪਕਾਉਣ ਦੀਆਂ ਵਿਧੀਆਂ (ਰੈਸਿਪੀ) ਸਾਂਝੀਆਂ ਕਰਨੀਆਂ

ਖਾਣਾ ਪਕਾਉਣ ਵੇਲੇ ਗਣਿਤ ਬਾਰੇ ਚਰਚਾ ਕਰਨ ਦੇ ਨਾਲ ਮਾਪਣ, ਵਕਤ ਅਤੇ ਕੀਮਤ ਨਾਲ ਸੰਬੰਧ ਰੱਖਦਾ ਗਣਿਤ ਦਾ ਸਬਕ ਹਰ ਰੋਜ਼ ਪ੍ਰਦਾਨ ਕੀਤਾ ਜਾ ਸਕਦਾ ਹੈ। ਇੱਥੇ ਕੁਝ ਗਤੀਵਿਧੀਆਂ ਦੱਸੀਆਂ ਗਈਆਂ ਹਨ ਜੋ ਕਿ ਤੁਸੀਂ ਘਰ ਦੇ ਅੰਦਰ ਕਰਨ ਦੀ ਕੋਸ਼ਿਸ਼ ਕਰ ਸਕਦੇ ਹੋ:

- ਖਾਣਾ ਪਕਾਉਣ ਦੀਆਂ ਵਿਧੀਆਂ ਇਕੱਠੀਆਂ ਕਰ ਕੇ ਪੜ੍ਹੋ ਅਤੇ ਭਾਗ (fractions), ਮਿੱਲੀਮੀਟਰਾਂ ਅਤੇ ਗ੍ਰਾਮਾਂ ਦੇ ਇਸਤੇਮਾਲ ਬਾਰੇ ਚਰਚਾ ਕਰੋ। ਆਪਣੇ ਬੱਚੇ ਨੂੰ ਉਤਸ਼ਾਹਤ ਕਰੋ ਕਿ ਉਹ ਮਾਪਣ ਦੇ ਕੱਪ ਅਤੇ ਚਮਚਿਆਂ ਦਾ ਇਸਤੇਮਾਲ ਕਰਦੇ ਹੋਏ ਸਹੀ ਮਾਪ ਕਰੇ।

- ਚਰਚਾ ਕਰੋ ਕਿ ਕਿਸ ਤਰੀਕੇ ਦੇ ਨਾਲ ਤੁਸੀਂ ਕਿਸੇ ਰੈਸਿਪੀ ਨੂੰ ਅੱਧਾ ਜਾਂ ਦੁਗਣਾ ਕਰ ਸਕਦੇ ਹੋ। ਆਪਣੇ ਬੱਚੇ ਨੂੰ ਰੈਸਿਪੀ ਦੇ ਲਈ ਮਾਪੀਆਂ ਗਈਆਂ ਚੀਜ਼ਾਂ ਦਾ ਇੱਕ ਰਿਕਾਰਡ ਬਨਾਉਣ ਦੇ ਲਈ ਉਤਸ਼ਾਹਤ ਕਰੋ। ਤੁਹਾਨੂੰ ਇਹ ਕਿਉਂ ਅਤੇ ਕਿਸ ਵੇਲੇ ਕਰਨ ਦੀ ਲੋੜ ਪੈ ਸਕਦੀ ਹੈ, ਇਸ ਦੇ ਬਾਰੇ ਚਰਚਾ ਕਰੋ।

- ਰੈਸਿਪੀ ਦੇ ਉੱਤੇ ਤਾਪਮਾਨ ਅਤੇ ਬਨਾਉਣ ਵਿੱਚ ਲੱਗਣ ਵਾਲੇ ਸਮੇਂ ਦੀ ਪਛਾਣ ਕਰੋ।

- ਵੱਖ ਵੱਖ ਰੈਸਿਪੀਆਂ ਦਾ ਤਾਪਮਾਨ ਅਤੇ ਬਨਾਉਣ ਵਿੱਚ ਲੱਗਣ ਵਾਲਾ ਸਮਾਂ ਵੱਖ ਵੱਖ ਕਿਉਂ ਹੁੰਦਾ ਹੈ ਇਸ ਬਾਰੇ ਚਰਚਾ ਕਰੋ।

- ਰੈਸਿਪੀ ਨੂੰ ਬਨਾਉਣ ਦੇ ਲਈ ਲੱਗਣ ਵਾਲੇ ਸਾਰੇ ਸਮਾਨ (ingredients) ਦੀ ਕੀਮਤ ਦਾ ਅੰਦਾਜ਼ਾ ਲਗਾਉ। ਇਸ ਦੀ ਤੁਲਨਾ, ਉਨ੍ਹਾਂ ਦੀ ਅਸਲ ਕੀਮਤ ਦੇ ਨਾਲ ਕਰੋ। ਆਪਣੇ ਬੱਚੇ ਨੂੰ ਪੁੱਛੋ ਕਿ ਕੀ ਉਨ੍ਹਾਂ ਦੀ ਸੋਚ ਮੁਤਾਬਿਕ ਸਮਾਨ ਖਰੀਦ ਕੇ ਰਾਤ ਦਾ ਖਾਣਾ ਬਨਾਉਣਾ ਸਸਤਾ ਪਿਆ ਜਾਂ ਬਾਹਰੋਂ ਖਾਣਾ ਖਰੀਦ ਕੇ (takeaway) ਸਸਤਾ ਪੈਣਾ ਸੀ।

- ਰੈਸਿਪੀ ਵਿੱਚ ਇਸਤੇਮਾਲ ਕੀਤੇ ਗਏ ਨਾਮਾਂ ਦੇ ਛੋਟੇ ਲਫਜ਼ਾਂ ਦੀ ਇੱਕ ਲਿਸਟ ਤਿਆਰ ਕਰ ਲਉ ਅਤੇ ਉਨ੍ਹਾਂ ਨੂੰ ਪੂਰਾ ਲਿਖੋ – ਉਦਾਹਰਣ ਦੇ ਲਈ, L ਤੋਂ ਲੀਟਰ, ml ਤੋਂ ਮਿੱਲੀਲੀਟਰ,

tsp. ਤੋਂ ਟੀ-ਸਪੂਨ (teaspoon), tbsp. ਤੋਂ ਟੇਬਲ-ਸਪੂਨ (tablespoon)

- ਸੁਪਰਮਾਰਕੀਟ ਵਿੱਚ ਮਿਲ ਰਹੀਆਂ ਸਬਜ਼ੀਆਂ ਅਤੇ ਫਲਾਂ ਦੀ ਕੀਮਤ ਦੀ ਤੁਲਨਾ, ਮਾਰਕਿਟ ਵਿੱਚ ਬੈਠੇ ਵਿਕਰੇਤਾ (vendors) ਕੋਲੋਂ ਮਿਲ ਰਹੀਆਂ ਕੀਮਤਾਂ ਦੇ ਨਾਲ ਕਰ ਕੇ ਛਾਣਬੀਣ ਕਰੋ।

## ਕੈਟਾਲੱਾਗ (**Catalogue**) ਪੜ੍ਹੋ

ਪੈਸੇ ਅਤੇ ਪ੍ਰਤਿਸ਼ਤ ਬਾਰੇ ਤੁਹਾਡੇ ਬੱਚੇ ਦੀ ਗਣਿਤ ਦੀ ਜਾਣਕਾਰੀ ਵਿੱਚ ਸੁਧਾਰ ਕਰਨ ਦਾ ਇੱਕ ਬਹੁਤ ਹੀ ਸ਼ਾਨਦਾਰ ਤਰੀਕਾ ਹੋ ਸਕਦਾ ਹੈ, ਕੈਟਾਲੱਾਗ ਦੇ ਬਾਰੇ ਚਰਚਾ ਕਰਨਾ। ਇੱਥੇ ਕੁਝ ਸਵਾਲ ਦਿੱਤੇ ਗਏ ਹਨ ਜੋ ਕਿ ਤੁਸੀਂ ਪੁੱਛ ਸਕਦੇ ਹੋ:

- ਇੱਕ ਕੈਟਾਲੱਾਗ ਵਿੱਚੋਂ ਤੁਸੀਂ $40 ਨੂੰ ਕਿਸ ਤਰੀਕੇ ਦੇ ਨਾਲ ਖਰਚੋਗੇ? $40 ਵਿੱਚ ਤੁਸੀਂ ਕਿੰਨੇ ਉਤਪਾਦਾਂ (products) ਦੀ ਖਰੀਦ ਕਰ ਸਕਦੇ ਹੋ?
- ਕੈਟਾਲੱਾਗ ਵਿੱਚੋਂ ਪੰਜ ਉਤਪਾਦਾਂ ਨੂੰ ਚੁਣ ਲਉ ਅਤੇ ਇਸ ਤੋਂ ਬਾਅਦ ਹਿਸਾਬ ਲਗਾਉ ਕਿ ਜੇ 50% ਦੀ ਸੇਲ ਲੱਗੀ ਹੋਏ ਤਾਂ ਕੀਮਤ ਕਿੰਨੀ ਹੋਵੇਗੀ। ਪੰਜਾਂ ਦੀ ਕੀਮਤ ਦੇ ਜੋੜ ਉੱਤੇ 50% ਘਟਾ ਕੇ, ਜਾਂ ਫਿਰ ਹਰ ਇੱਕ ਉਤਪਾਦ ਨੂੰ 50% ਘਟਾ ਕੇ ਫਿਰ ਉਨ੍ਹਾਂ ਦਾ ਜੋੜ ਕਰਨ ਵਿੱਚ ਕੀ ਕੋਈ ਫਰਕ ਆਵੇਗਾ?
- ਕੈਟਾਲੱਾਗ ਅੰਦਰ ਸੇਲ ਤੇ ਲੱਗੀ ਸਭ ਤੋਂ ਜ਼ਿਆਦਾ ਕਿਫਾਇਤੀ ਕਿਹੜੀ ਚੀਜ਼ ਹੈ? ਕੀ ਤੁਸੀਂ ਆਪਣੇ ਕਾਰਨ ਸਮਝਾ ਸਕਦੇ ਹੋ?
- ਵੱਖਰੇ ਵੱਖਰੇ ਕੈਟਾਲੱਾਗਜ਼ ਦਾ ਇਸਤੇਮਾਲ ਕਰਦੇ ਹੋਏ, ਵੱਖ ਵੱਖ ਸਟੋਰਾਂ ਵਿੱਚ, ਕਿਸੇ ਇੱਕ ਉਤਪਾਦ ਦੀ ਕੀਮਤ ਦੀ ਤੁਲਨਾ ਕਰੋ। ਇਸ ਦੇ ਨਾਲ ਤੁਸੀਂ ਕੀ ਖੋਜ ਕੀਤੀ?

## ਯਾਤਰਾ ਦੀ ਸਮਾਂ ਸਾਰਣੀ (**Travel Timetables**)

ਇੱਥੇ ਕੁਝ ਸਵਾਲ ਦਿੱਤੇ ਗਏ ਹਨ ਜੋ ਕਿ ਤੁਹਾਡੇ ਬੱਚੇ ਦੇ, ਸਮੇਂ ਅਤੇ ਸਮੱਸਿਆਵਾਂ ਦਾ ਹੱਲ ਕੱਢਣ ਬਾਰੇ ਗਿਆਨ ਵਿੱਚ ਸੁਧਾਰ ਕਰ ਸਕਦੇ ਹਨ:

- ਕੀ ਤੁਸੀਂ ਇਹ ਪਛਾਣ ਕਰ ਸਕਦੇ ਹੋ ਕਿ ਇਸ ਸਮੇਂ ਸਾਰਣੀ ਦਾ ਸ਼ੁਰੂਆਤੀ ਬਿੰਦੂ ਕਿੱਥੇ ਹੈ?
- ਇਸ ਰੂਟ ਉੱਤੇ ਜਾਣ ਦੇ ਲਈ ਸਭ ਤੋਂ ਪਹਿਲਾ ਅਤੇ ਸਭ ਤੋਂ ਅਖੀਰਲਾ ਵੇਲਾ ਕੀ ਹੈ?
- ਇਸ ਪੂਰੇ ਰਸਤੇ ਉੱਤੇ ਸਫਰ ਕਰਨ ਦੇ ਵਿੱਚ ਕੁਲ ਕਿੰਨਾਂ ਵਕਤ ਲੱਗਦਾ ਹੈ?
- ਇਸ ਰੂਟ ਦੇ ਉੱਪਰ ਕੁਲ ਕਿੰਨੇ ਸਟੌਪ (stops) ਹਨ?
- ਜੇ ਸਾਰੇ ਸਟੌਪ ਨਾ ਰੁਕਿਆ ਜਾਏ, ਤਾਂ ਸਫਰ ਕਰਣ ਲਈ ਲੱਗਣ ਵਾਲੇ ਸਮੇਂ ਵਿੱਚ ਕੀ ਫਰਕ ਪੈਂਦਾ ਹੈ?

- ਕੀਮਤ ਕੀ ਹੈ? ਯਾਤਰਾ ਦੇ ਦੂਸਰੇ ਵਿਕਲਪਾਂ ਦੇ ਮੁਕਾਬਲੇ ਵਿੱਚ ਕੀ ਇਹ ਕਿਫਾਇਤੀ ਹੈ?
- ਯਾਤਰਾ ਕਰਨ ਦੇ ਲਈ ਸਭ ਤੋਂ ਵਧੀਆ ਰੂਟ ਕਿਹੜਾ ਹੈ? ਤੁਸੀਂ ਇਹ ਕਿਉਂ ਸੋਚਦੇ ਹੋ?
- ਟ੍ਰੇਨਿੰਗ ਦੇ ਲਈ ਸਮੇਂ ਸਿਰ ਪਹੁੰਚਣ ਦੇ ਲਈ, ਤੁਹਾਨੂੰ ਕਿੰਨੇ ਵਜੇ ਨਿਕਲਣਾ ਪਵੇਗਾ?

## ਪੈਸਾ ਸੰਭਾਲਣਾ

ਇਹ ਬਹੁਤ ਹੀ ਜ਼ਰੂਰੀ ਗੱਲ ਹੈ ਕਿ ਤੁਸੀਂ ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਪੈਸੇ ਬਾਰੇ ਸੋਚਣ, ਪੈਸਾ ਬਚਾਉਣ ਬਾਰੇ ਸੋਚਣ ਅਤੇ ਇਸ ਬਾਰੇ ਵਿਚਾਰ ਕਰਨ ਕਿ ਉਹ ਪੈਸਾ ਕਿਵੇਂ ਖਰਚਦੇ ਹਨ?

ਇੱਥੇ ਕੁਝ ਸੁਝਾਅ ਅਤੇ ਗਤੀਵਿਧੀਆਂ ਦੱਸੀਆਂ ਗਈਆਂ ਹਨ:

- ਆਪਣੇ ਬੱਚੇ ਨੂੰ ਇਹ ਹਿਸਾਬ ਲਗਾਉਣ ਬਾਰੇ ਉਤਸ਼ਾਹਿਤ ਕਰੋ ਕਿ ਕੋਈ ਖਰੀਦ ਕਰਨ ਤੋਂ ਬਾਅਦ, ਤੁਹਾਨੂੰ ਕਿੰਨੇ ਪੈਸੇ (change) ਮੁੜ ਵਾਪਸ ਮਿਲਣਗੇ।
- ਰਲ ਕੇ ਪਰਿਵਾਰਕ ਯਾਤਰਾਵਾਂ ਦੀਆਂ ਕੀਮਤਾਂ ਦੀ ਛਾਣਬੀਣ ਕਰੋ। ਉਦਾਹਰਣ ਦੇ ਤੌਰ ਤੇ, ਕਿਸੇ ਥੀਮ ਪਾਰਕ (theme park) ਤੇ ਜਾਣ ਦੀ ਕੀਮਤ ਵਿੱਚ ਸ਼ਾਮਲ ਹੁੰਦੀ ਹੈ, ਆਵਾਜਾਈ ਦੀ ਕੀਮਤ, ਐਂਟਰੀ ਟਿਕਟ, ਖਾਣਾ-ਪੀਣਾ ਅਤੇ ਆਵਾਜਾਈ।
- ਕੋਈ ਉਪਹਾਰ ਜਾਂ ਕੋਈ ਅਜਿਹੀ ਚੀਜ਼ ਜੋ ਤੁਹਾਡਾ ਬੱਚਾ ਖਰੀਦਣਾ ਚਾਹੁੰਦਾ ਹੋਵੇ, ਉਸ ਦੇ ਲਈ ਪੈਸਾ ਬਚਾਉਣ ਬਾਰੇ ਚਰਚਾ ਕਰੋ। ਹਿਸਾਬ ਲਗਾਉ ਕਿ ਜੇ ਉਨ੍ਹਾਂ ਨੂੰ ਹਰ ਹਫਤੇ ਥੋੜੀ ਮਾਤਰਾ ਵਿੱਚ ਕੁਝ ਪੈਸੇ ਮਿਲਦੇ ਹਨ, ਤਾਂ ਇੰਨਾ ਪੈਸਾ ਬਚਾਉਣ ਦੇ ਲਈ ਕਿੰਨਾ ਵਕਤ ਲੱਗੇਗਾ।
- ਪਾਕਿਟ ਮਨੀ ਨੂੰ ਵਧਾਉਣ ਬਾਰੇ ਚਰਚਾ, ਪ੍ਰਤੀਸ਼ਤ ਦੇ ਹਿਸਾਬ ਨਾਲ ਕਰੋ। ਉਦਾਹਰਣ ਦੇ ਲਈ, 5% ਵਧਣ ਦੇ ਨਾਲ, ਹਰ ਹਫਤੇ ਦੇ ਕਿੰਨੇ ਪੈਸੇ ਬਣਨਗੇ? ਕੀ ਇਹ ਹਰ ਮਹੀਨੇ ਵਧਾਉਣ ਨਾਲੋਂ ਜ਼ਿਆਦਾ ਵਧੀਆ ਹੈ?
- ਆਪਣੇ ਬੱਚੇ ਨੂੰ ਪਾਕਿਟ ਮਨੀ ਜਾਂ ਜਨਮ ਦਿਨ ਦੀ ਮਨੀ ਦਾ ਕੁਝ ਪ੍ਰਤੀਸ਼ਤ ਬਚਾ ਕੇ ਰੱਖਣ ਦੇ ਲਈ ਉਤਸ਼ਾਹਿਤ ਕਰੋ ਅਤੇ ਹਿਸਾਬ ਲਗਾਉ ਇਹ ਕਿੰਨਾ ਪੈਸਾ ਬਣੇਗਾ। ਉਦਾਹਰਣ ਦੇ ਲਈ, ਤੁਹਾਡੇ ਕੋਲ ਕਿੰਨਾ ਪੈਸਾ ਹੋਣਾ ਸੀ, ਜੇ ਤੁਸੀਂ 40% ਹਰ ਹਫਤੇ ਬਚਾਇਆ ਹੁੰਦਾ?
- ਰਲ ਕੇ ਹਿਸਾਬ ਲਗਾਉ ਕਿ ਇੱਕ ਮੋਬਾਈਲ ਫੋਨ ਦਾ ਮਹੀਨੇ ਦਾ ਕਿੰਨੇ ਦਾ ਖਰਚਾ ਹੁੰਦਾ ਹੈ। ਪੂਰੀ ਕੀਮਤ ਦਾ ਕਿੰਨਾ ਪ੍ਰਤੀਸ਼ਤ ਸੰਦੇਸ਼ਾਂ (messages) ਉੱਤੇ ਅਤੇ ਕਿੰਨਾ ਪ੍ਰਤੀਸ਼ਤ ਕਾੱਲਾਂ ਉੱਤੇ ਖਰਚ ਹੁੰਦਾ ਹੈ?
- ਅਖਬਾਰ ਪੜ੍ਹੋ ਜਾਂ ਖਬਰਾਂ ਵੇਖੋ। ਚਰਚਾ ਕਰੋ ਕਿ ਸ਼ੇਅਰ ਬਜ਼ਾਰ ਦੇ ਨਾਲ ਕੀ ਹੋ ਰਿਹਾ ਹੈ ਅਤੇ ਇਹ ਬਦਲਾਵ ਕਿਉਂ ਹੋ ਸਕਦੇ ਹਨ?

ਭਾਗ ਬਾਰੇ ਸਮਝਣਾ

ਭਾਗ ਕੱਢਣਾ (Fractions), ਗਣਿਤ ਦਾ ਇੱਕ ਵਿਸ਼ਾ ਹੈ ਜੋ ਰੋਜ਼ ਦੀ ਜ਼ਿੰਦਗੀ ਨਾਲ ਸਿੱਧਾ ਸੰਬੰਧ ਰੱਖਦਾ ਹੈ। ਸਮੱਸਿਆਵਾਂ ਦਾ ਹੱਲ ਕੱਢਣ ਅਤੇ ਫੈਸਲੇ ਲੈਣ ਦੇ ਲਈ ਅਸੀਂ ਭਾਗ ਕੱਢਣ ਦੇ ਸਾਡੇ ਗਿਆਨ ਦਾ ਇਸਤੇਮਾਲ ਹਰ ਵਕਤ ਕਰਦੇ ਰਹਿੰਦੇ ਹਾਂ।

ਭਾਗ ਕੱਢਣ ਬਾਰੇ ਗੱਲ ਕਰਣ ਦੇ ਲਈ ਗਣਿਤ ਵਾਲੀ ਭਾਸ਼ਾ ਦਾ ਇਸਤੇਮਾਲ ਕਰ ਕੇ ਆਪਣੇ ਬੱਚੇ ਨੂੰ ਸਹਿਯੋਗ ਦਿਉ।

ਇੱਥੇ ਕੁਝ ਗਣਿਤ ਦੀ ਭਾਸ਼ਾ ਦੇ ਸ਼ਬਦ ਦਿੱਤੇ ਗਏ ਹਨ ਜੋ ਕਿ ਤੁਹਾਡਾ ਬੱਚਾ ਸਕੂਲ ਦੇ ਅੰਦਰ ਇਸਤੇਮਾਲ ਕਰਦਾ ਹੈ:

ਫ੍ਰੈਕਸ਼ਨ (Fraction) – ਕਿਸੇ ਪੂਰੇ ਦਾ, ਸਮੂਹ ਦਾ, ਜਾਂ ਕਿਸੇ ਨੰਬਰ ਦਾ ਕੁਝ ਹਿੱਸਾ (ਉਦਾਹਰਣ ਦੇ ਲਈ, ¾)

ਨਿਊਮੀਰੇਟਰ (Numerator) – ਪੂਰੇ ਵਿੱਚੋਂ ਵੰਡੇ ਗਏ ਹਿੱਸੇ ਨੂੰ ਦਰਸ਼ਾਉਂਦਾ ਹੈ (ਉਦਾਹਰਣ ਦੇ ਲਈ, ⅜ ਦੇ ਭਾਗ ਵਿੱਚ, ਨਿਊਮੀਰੇਟਰ 3 ਹੈ)

ਡਿਨੌਮੀਨੇਟਰ (Denominator) – ਦਰਸ਼ਾਉਂਦਾ ਹੈ ਕਿ ਜੋ ਪੂਰਾ ਹੈ, ਉਹ ਕਿੰਨੇ ਭਾਗਾਂ ਅੰਦਰ ਵੰਡਿਆ ਹੋਇਆ ਹੈ (ਉਦਾਹਰਣ ਦੇ ਲਈ, 3/8 ਦੇ ਭਾਗ ਵਿੱਚ, ਡੀਨੌਮੀਨੇਟਰ 8 ਹੈ)

ਪ੍ਰੌਪਰ ਫ੍ਰੈਕਸ਼ਨ (Proper fraction) – ਜਦ ਨਿਊਮੀਰੇਟਰ ਦਾ ਮੁੱਲ ਡੀਨੌਮੀਨੇਟਰ ਨਾਲੋਂ ਘੱਟ ਹੋਵੇ (ਉਦਾਹਰਣ ਦੇ ਲਈ, ⅜)

ਇਮਪ੍ਰੌਪਰ ਫ੍ਰੈਕਸ਼ਨ (Improper fraction) – ਜਦ ਨਿਊਮੀਰੇਟਰ, ਡੀਨੌਮੀਨੇਟਰ ਨਾਲੋਂ ਵੱਡਾ ਹੋਵੇ ਜਾਂ ਉਸਦੇ ਬਰਾਬਰ ਹੋਵੇ (ਉਦਾਹਰਣ ਦੇ ਲਈ, 5/3)

ਇਕੂਈਵੇਲੈਂਟ ਫ੍ਰੈਕਸ਼ਨ (Equivalent fraction) – ਭਾਗ ਜਿਨ੍ਹਾਂ ਦਾ ਬਰਾਬਰ ਮੁੱਲ ਜਾਂ ਰਕਮ ਹੋਵੇ (ਉਦਾਹਰਣ ਦੇ ਲਈ, 2/3 = 4/6)

ਮਿਕਸਡ ਨੰਬਰ (Mixed numbers) – ਇੱਕ ਪੂਰੇ ਨੰਬਰ ਦੇ ਨਾਲ ਭਾਗ (ਉਦਾਹਰਣ ਦੇ ਲਈ, 1 ½)

ਬੱਚੇ ਸਿੱਖਣਾ ਸ਼ੁਰੂ ਕਰਦੇ ਹਨ ਕਿ ਪੂਰੇ ਨੰਬਰਾਂ ਦੇ ਦਰਮਿਆਨ ਕਈ ਸਾਰੇ ਨੰਬਰ ਹੁੰਦੇ ਹਨ। ਤੁਹਾਡੇ ਬੱਚੇ ਨੂੰ ਇਹ ਸਮਝਾਉਣ ਦੇ ਲਈ, ਨੰਬਰ ਲਾਈਨ ਇੱਕ ਪ੍ਰਭਾਵੀ ਮਾਡਲ ਹੈ:

0-------------⅜-------------⅝-------------1

ਤੁਹਾਡੇ ਬੱਚੇ ਦਾ ਫ੍ਰੈਕਸ਼ਨ (fraction), ਡੈੱਸੀਮਲ (decimals), ਰੇਸ਼ੋ (ratios) ਅਤੇ ਪ੍ਰਤੀਸ਼ਤ (percentage) ਦੇ ਆਪਸੀ ਰਿਸ਼ਤੇ ਬਾਰੇ ਸਮਝ ਦੇ ਵਿੱਚ ਵੀ ਵਿਕਾਸ ਹੋਣਾ ਸ਼ੁਰੂ ਹੋ ਜਾਂਦਾ ਹੈ।

ਡੈੱਸੀਮਲ (Decimals) – ਇੱਕ ਫ੍ਰੈਕਸ਼ਨ, ਜੋ ਕਿ ਕਿਸੇ ਪੂਰੇ ਨੂੰ ਬਰਾਬਰ ਦੇ ਦਸ (ਦਸਵੇਂ), ਜਾਂ ਬਰਾਬਰ ਦੇ ਸੌ (ਸੌਵੇਂ) ਹਿੱਸਿਆਂ ਅੰਦਰ ਵੰਡ ਕੇ ਬਣਾਈ ਗਈ ਹੈ। ਉਦਾਹਰਣ ਦੇ ਲਈ, ਪੂਰੇ 100 ਪੈੱਨਾਂ ਵਿੱਚੋਂ 75 ਲਾਲ ਪੈੱਨਾਂ ਨੂੰ 0.75 ਜਾਂ .75 ਦੇ ਤੌਰ ਤੇ ਲਿਖਿਆ ਜਾ ਸਕਦਾ ਹੈ।

ਰੇਸ਼ੋ (Ratio) – ਦੋ ਜਾਂ ਉਸ ਤੋਂ ਜ਼ਿਆਦਾ ਰਕਮਾਂ ਦੀ ਆਪਸ ਵਿੱਚ ਤੁਲਨਾ। ਉਦਾਹਰਣ ਦੇ ਲਈ, ਫਲਾਂ ਦੇ ਇੱਕ ਕਟੋਰੇ ਵਿੱਚ 3 ਸੇਬ ਅਤੇ 4 ਨਾਸ਼ਪਤੀਆਂ ਹਨ। ਸੇਬਾਂ ਦੀ ਨਾਸ਼ਪਤੀਆਂ ਦੇ ਨਾਲ

ਰੇਸ਼ੋ ਨੂੰ 3:4 ਦੇ ਰੂਪ ਵਿੱਚ ਲਿਖਿਆ ਜਾਂਦਾ ਹੈ।

ਪ੍ਰਤੀਸ਼ਤ (Percentage) – 100 ਵਿੱਚੋਂ ਕੱਢੇ ਗਏ ਹਿੱਸੇ ਵਾਲਾ ਨੰਬਰ ਹੁੰਦਾ ਹੈ। ਉਦਾਹਰਣ ਦੇ ਲਈ, 100 ਬਟਨਾਂ ਦੇ ਸੰਗ੍ਰਹਿ ਵਿੱਚੋਂ, 75 ਲਾਲ ਹਨ। ਇਸ ਨੂੰ 75 ਪ੍ਰਤੀਸ਼ਤ ਜਾਂ 75% ਦੇ ਰੂਪ ਵਿੱਚ ਲਿਖਿਆ ਜਾ ਸਕਦਾ ਹੈ।

ਰੋਜ਼ ਦੀ ਜ਼ਿੰਦਗੀ ਅੰਦਰ ਤੁਸੀਂ ਫ੍ਰੈਕਸ਼ਨਾਂ ਦਾ ਇਸਤੇਮਾਲ ਕਿਵੇਂ ਕਰਦੇ ਹੋ, ਇਸ ਬਾਰੇ ਸਕਾਰਾਤਮਕ ਗੱਲ ਕਰੋ। ਆਪਣੇ ਬੱਚੇ ਦੇ ਲਈ ਫ੍ਰੈਕਸ਼ਨਾਂ ਦਾ ਮਾਡਲ ਬਨਾਉਣ ਦੇ ਨਾਲ, ਫ੍ਰੈਕਸ਼ਨਾਂ ਪ੍ਰਤੀ ਉਨ੍ਹਾਂ ਦੀ ਸਮਝ ਨੂੰ ਸਹਿਯੋਗ ਮਿਲੇਗਾ।

ਰੋਜ਼ ਦੀਆਂ ਚੀਜ਼ਾਂ ਦਾ ਇਸਤੇਮਾਲ ਕਰ ਕੇ, ਇੱਥੇ ਦਿੱਤੇ ਗਏ ਸੁਝਾਵਾਂ ਨੂੰ ਸ਼ਾਮਿਲ ਕਰਨ ਦੀ ਕੋਸ਼ਿਸ਼ ਕਰੋ:

- ਸੰਤਰੇ ਨੂੰ ਕੱਟਦੇ ਹੋਏ, ਕੀ ਤੁਸੀਂ ਮੈਨੂੰ ਅੱਧ ਅਤੇ ਇੱਕ ਚੌਥਾਈ ਹਿੱਸਾ ਵਿਖਾ ਸਕਦੇ ਹੋ?
- ਕੀ ਤੁਸੀਂ ਸੇਬ ਨੂੰ ਕੱਟ ਕੇ ਛੇ ਬਰਾਬਰ ਦੇ ਹਿੱਸੇ ਬਣਾ ਸਕਦੇ ਹੋ? ਇੱਕ ਹਿੱਸਾ, ਪੂਰੇ ਸੇਬ ਦਾ ਕਿੰਨਵਾਂ ਫ੍ਰੈਕਸ਼ਨ ਹੈ? ਚਾਰ ਪੀਸ?
- ਤੁਸੀਂ ਇਸ ਚੀਜ਼ ਨੂੰ ਹੋਰ ਕਿਸ ਤਰੀਕੇ ਦੇ ਨਾਲ ਕਹਿ ਸਕਦੇ ਹੋ?
- ਗਲਾਸ ਦਾ ਕਿੰਨਾ ਪ੍ਰਤੀਸ਼ਤ ਹਿੱਸਾ ਪਾਣੀ ਦੇ ਨਾਲ ਭਰਿਆ ਹੋਇਆ ਹੈ? ਗਲਾਸ ਵਿੱਚ ਪਾਣੀ ਦੀ ਹਵਾ ਦੇ ਨਾਲ ਕੀ ਰੇਸ਼ੋ ਹੈ?
- ਘੜੀ ਦੇ ਕਾਂਟੇ, ਇੱਕ ਚੌਥਾਈ ਘੰਟੇ ਦਾ ਵਕਤ (quarter) ਕਿਸ ਤਰੀਕੇ ਦੇ ਨਾਲ ਵਿਖਾਉਂਦੇ ਹਨ? ਵਕਤ ਦੱਸਦੇ ਵੇਲੇ ਅਸੀਂ 'quarter'' ਲਫਜ਼ ਦਾ ਇਸਤੇਮਾਲ ਕਿਉਂ ਕਰਦੇ ਹਾਂ?
- ਜੇ ਤੁਸੀਂ ਇੱਕ ਤੌਲੀਏ ਨੂੰ ਤਿੰਨ ਵਾਰ ਬਰਾਬਰ ਦੇ ਹਿੱਸਿਆਂ ਵਿੱਚ ਤਹਿ ਲਗਾਉਂਦੇ ਹੋ, ਤਾਂ ਇਹ ਕਿਹੜੀ ਫ੍ਰੈਕਸ਼ਨ ਦਰਸ਼ਾਉਂਦਾ ਹੈ?

## ਆਨਲਾਈਨ ਜੁੜਨਾ

ਇੱਥੇ ਕੁਝ ਹੋਰ ਉਪਯੋਗੀ ਵੈੱਬਸਾਈਟਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਨੂੰ ਤੁਸੀਂ ਆਪਣੇ ਘਰੋਂ ਜਾਂ ਲਾਇਬ੍ਰੇਰੀ ਵਿੱਚ ਦੇਖ ਸਕਦੇ ਹੋ। ਇਨ੍ਹਾਂ ਵਿੱਚੋਂ ਕਈ, ਵੱਖ ਵੱਖ ਉਪਕਰਨਾਂ ਉੱਤੇ, ਬਤੌਰ ਐਪ (apps) ਡਾਉਨਲੋਡ ਕਰਨ ਦੇ ਲਈ ਵੀ ਉਪਲਬਧ ਹਨ:

- ਹੋਮ ਪੇਜ – FUSE – ਪੜ੍ਹਾਈ ਅਤੇ ਸਿਖਲਾਈ ਵਿਭਾਗ

  Home Page - FUSE - Department of Education & Training
  (ਪ੍ਰਾਈਮਰੀ ਵਿਦਿਆਰਥੀ ਟੈਬ ਚੁਣੋ)

- Resources for Primary and Secondary Students - ABC Education

- Wolfram Alpha Computational Intelligence ( ਐਲੀਮੈਂਟਰੀ ਗਣਿਤ ਦੇ ਲਿੰਕ ਤੋਂ ਸ਼ੁਰੂਆਤ ਕਰੋ)
- ICT Games - Educational games for Infant and Junior school children
- ScratchJr - Home
- Kodable for Parents